Price : Rs. 4.00

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦ੍ਵਾਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੈਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com ਜਿਲਦ-19 ਨੰਬਰ-48

6 ਤੋਂ 12 ਮਾਘ 2068 – 19 to 25 Jan. 2012 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 196

## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਅਰਦਾਸ ਕਰਕੇ ਤੁਰੋ



ਸਿੱਖ ਜਦੋਂ ਵੀ ਕਿਸੇ ਕਾਰਜ ਨੂੰ ਤੁਰੇ, ਕਿਧਰੇ ਵੀ ਤੁਰੇ ਤੇ ਅਰਦਾਸ ਕਰਕੇ ਤੁਰੇ। ਸਤਿਗੁਰੂ ਉਸ ਦੇ ਅੰਗ ਸੰਗ ਰਹਿੰਦਾ ਹੈ। ਸਤਿਗੁਰੂ ਅੱਗੇ ਅਰਦਾਸ ਕਰਦਾ ਹੈ, ਤਾਂ ਸਤਿਗੁਰੂ ਯਾਦ ਆਉਂਦਾ ਹੈ। ਸਤਿਗੁਰੂ ਦੀ ਯਾਦ ਇੱਕ ਚੀਜ਼ ਹੈ, ਜਿਹੜੀ ਨਾਲ ਇਹ ਬਚ ਸਕਦਾ ਹੈ।




ਸ੍ਰੀ ਭੈਣੀ ਸਾਹਿਬ ਵਿਖੇ 'ਸਤਿਗੁਰੂ ਜਗਜੀਤ ਸਿੰਘ ਲਾਇਬਰੇਰੀ' ਦਾ ਉਦਘਾਟਨ ਕਰਨ ਸਮੇਂ ਆਪ ਜੀ ਦੀ ਹਜ਼ੂਰੀ ਵਿੱਚ ਸ੍ਰੀ ਉਦੈ ਸਿੰਘ ਜੀ, ਸੰਤ ਜਗਤਾਰ ਸਿੰਘ, ਸ. ਸੁਵਰਨ ਸਿੰਘ ਵਿਰਕ, ਪ੍ਰੋ. ਜੋਗਿੰਦਰ ਸਿੰਘ, ਸ. ਹਰਵਿੰਦਰ ਸਿੰਘ ਹੰਸਪਾਲ, ਸ. ਜਸਵਿੰਦਰ ਸਿੰਘ ਹਿਸਟੋਰੀਅਨ, ਸ. ਗੁਰਭੇਜ ਸਿੰਘ ਗੁਰਾਇਆ, ਸ. ਸਰਨਪਾਲ ਸਿੰਘ ਰੰਧਾਵਾ ਆਦਿ।

## ਸਤਿਗੁਰੂ ਜਗਜੀਤ ਸਿੰਘ ਲਾਇਬਰੇਰੀ ਦਾ ਉਦਘਾਟਨ

ਸ੍ਰੀ ਭੈਣੀ ਸਾਹਿਬ, 25 ਦਸੰਬਰ 2011–ਅੱਜ ਏਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਹਵਨ ਮੰਡਪ ਦੇ ਪਿਛਲੇ ਪਾਸੇ ਲਾਇਬਰੇਰੀ ਦਾ ਉਦਘਾਟਨ ਕਰਨ ਦੀ ਕਿਰਪਾ ਕੀਤੀ। ਇਹ ਲਾਇਬਰੇਰੀ ਉਸ ਇਮਾਰਤ ਨੂੰ ਹੀ ਦੁਬਾਰਾ ਬਣਾ ਕੇ, ਸੰਵਾਰ ਕੇ ਬਣਾਈ ਗਈ ਹੈ, ਜਿੱਥੇ ਬੇਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਅਤੇ ਬਖ਼ਸ਼ਸ਼ ਨਾਲ ਸੰਸਾਰਿਕ ਵਿਦਿਆ ਗ੍ਰਹਿਣ ਕਰਨੀ ਅਰੰਭ ਕੀਤੀ ਸੀ। ਸੋ ਇਸ ਲਾਇਬਰੇਰੀ ਦਾ ਨਾਂ 'ਸਤਿਗੁਰੂ ਜਗਜੀਤ ਸਿੰਘ ਲਾਇਬਰੇਰੀ' ਹੀ ਰੱਖਿਆ ਗਿਆ ਹੈ। ਸੱਚੇ ਪਾਤਸ਼ਾਹ ਜੀ ਨੇ ਏਥੇ 1928 ਈ. ਵਿੱਚ ਪੜ੍ਹਨਾ ਸ਼ੁਰੂ ਕੀਤਾ ਸੀ।

ਇਸ ਲਾਇਬਰੇਰੀ ਦੇ ਅੰਦਰ ਜਾ ਕੇ ਭੁੱਖ ਲਹਿੰਦੀ ਹੈ। ਸਾਰੇ ਰੈਕ ਬੜੇ ਆਧੁਨਿਕ ਢੰਗ ਨਾਲ ਦੋ ਮੰਜ਼ਲੀ ਇਮਾਰਤ ਵਿੱਚ ਲਾਏ ਗਏ ਹਨ, ਜਿਹਨਾਂ ਵਿੱਚ ਪੰਜਾਬੀ ਸਾਹਿਤ, ਇਤਿਹਾਸ ਅਤੇ ਖੋਜ ਸੰਬੰਧੀ ਪੁਸਤਕਾਂ ਤੇ ਖਰੜੇ ਰੱਖੇ ਗਏ ਹਨ। ਇਹ ਪੜ੍ਹਣ ਸਮਗਰੀ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨਾਂ ਭਾਸ਼ਾਵਾਂ ਵਿੱਚ ਹੈ। ਉਰਦੂ ਅੱਖਰਾਂ ਵਿੱਚ ਵੀ ਕੁਝ ਪੁਸਤਕਾਂ ਹਨ। ਕੁਝ ਪੱਥਰ ਦੇ ਛਾਪੇ ਦੀਆਂ ਪੁਸਤਕਾਂ ਵੀ ਹਨ।

ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਨਾਲ ਜੈਕਾਰਿਆਂ ਨਾਲ ਆਪ ਜੀ ਪ੍ਰਤੀ ਸ਼ਰਧਾ ਸਤਿਕਾਰ ਭੇਟ ਕੀਤਾ ਗਿਆ ਅਤੇ ਬਾਕਾਇਦਾ ਕੜਾਹ ਪ੍ਰਸ਼ਾਦ ਲਿਆ ਕੇ, ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਲਾਇਬਰੇਰੀ ਦਾ ਉਦਘਾਟਨ ਕੀਤਾ ਗਿਆ। ਉਦਘਾਟਨ ਤੋਂ ਬਾਅਦ ਗਰੀਬ ਨਿਵਾਜ ਜੀ ਨਾਲ ਲੇਖਕਾਂ ਤੇ ਇਤਿਹਾਸਕਾਰਾਂ ਨੇ ਲਾਇਬਰੇਰੀ ਵਿੱਚ ਪ੍ਰਵੇਸ਼ ਕੀਤਾ। ਲਾਇਬਰੇਰੀ ਵਿੱਚ ਕੁਝ ਤਸਵੀਰਾਂ ਵੱਡੇ ਅਕਾਰ ਦੀਆਂ ਲਾਈਆਂ ਗਈਆਂ ਹਨ, ਜਿਹਨਾਂ ਵਿੱਚ ਅਰੰਭ ਤੋਂ ਰਹੇ (ਬਾਕੀ ਸਫਾ 8 'ਤੇ)

## ਨਾਮਧਾਰੀ ਮਰਯਾਦਾ ਦੇ ਮੁਢਲੇ ਸਰੋਤਾਂ ਸੰਬੰਧੀ ਖੋਜ ਪੱਤਰਾਂ ਤੇ ਵਿਚਾਰ

ਸ੍ਰੀ ਭੈਣੀ ਸਾਹਿਬ, 25 ਦਸੰਬਰ 2011–ਅੱਜ ਏਥੇ ਸਤਿਗੁਰੂ ਜਗਜੀਤ ਸਿੰਘ ਲਾਇਬਰੇਰੀ ਵਿੱਚ ਵਿਦਵਾਨਾਂ ਅਤੇ ਖੋਜੀ ਸੱਜਣਾਂ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰੋ. ਜੋਗਿੰਦਰ ਸਿੰਘ ਦੀ ਦੇਖ ਰੇਖ ਹੇਠ ਹੋਈ। ਇਸ ਵਿੱਚ ਨਾਮਧਾਰੀ ਰਹਿਤ ਮਰਯਾਦਾ ਦੇ ਮੁਢਲੇ ਸਰੋਤਾਂ ਸੰਬੰਧੀ ਖੋਜ ਪੱਤਰ ਵਿਚਾਰੇ ਗਏ।

ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਮੁਖੀ ਪ੍ਰੋ. ਜੋਗਿੰਦਰ ਸਿੰਘ ਨੇ ਕੁਝ ਮਹੀਨੇ ਪਹਿਲਾਂ ਮਰਯਾਦਾ ਸੰਬੰਧੀ ਸ੍ਰੀ ਭੈਣੀ ਸਾਹਿਬ ਆ ਕੇ ਸ੍ਰੀ ਉਦੈ ਸੰਘ ਜੀ, ਸੰਤ ਜਗਤਾਰ ਸਿੰਘ ਅਤੇ ਸ. ਹਰਵਿੰਦਰ ਸਿੰਘ ਹੰਸਪਾਲ ਨਾਲ ਖੋਜ ਪੱਤਰ ਲਿਖਵਾਉਣ ਬਾਰੇ ਚਰਚਾ ਕੀਤੀ ਸੀ। ਉਹਨਾਂ ਰਾਹੀਂ ਦਿੱਤੀ ਰਾਏ ਅਨੁਸਾਰ ਇਹ ਵਿਚਾਰਿਆ ਗਿਆ ਕਿ ਸਿੱਖ ਇਤਿਹਾਸ ਦੇ ਪੁਰਾਤਨ ਗ੍ਰੰਥਾਂ-ਸ੍ਰੀ ਆਦਿ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ, ਰਹਿਤਨਾਮੇ, ਸੌ ਸਾਖੀ, ਪੰਥ ਪ੍ਰਕਾਸ਼ ਆਦਿ ਦਾ ਅਧਿਐਨ ਕਰਕੇ ਉਹਨਾਂ ਵਿੱਚ ਦਿੱਤੇ ਅਤੇ ਨਾਮਧਾਰੀ ਪੰਥ ਦੁਆਰਾ ਅਪਣਾਈ ਜਾ ਰਹੀ ਰਹਿਤ ਮਰਯਾਦਾ ਦੇ ਸਰੋਤਾਂ ਨੂੰ ਵਿਚਾਰਿਆ ਜਏ, ਇਸ ਸੰਬੰਧੀ ਖੋਜ ਪੱਤਰ ਲਿਖਵਾਏ ਜਾਣ। ਉਸੇ ਉਲੀਕੇ ਪ੍ਰੋਗਰਾਮ ਨੂੰ ਅਮਲੀ ਰੂਪ ਦੇਣ ਲਈ ਕੁਝ ਵਿਦਵਾਨਾਂ ਨੂੰ ਖੋਜ ਪੱਤਰ ਲਿਖਣ ਲਈ ਚੇਅਰ ਵਲੋਂ ਚਿੱਠੀਆਂ ਭੇਜੀਆਂ ਗਈਆਂ ਸਨ। ਉਹਨਾਂ ਵਿਦਵਾਨਾਂ ਵਿੱਚ ਸ. ਜਸਵਿੰਦਰ ਸਿੰਘ, ਸ. ਸੁਵਰਨ ਸਿੰਘ ਵਿਰਕ, ਸ. ਦੇਵਿੰਦਰ ਸਿੰਘ ਗਿੱਲ ਜੀਆ ਨੱਥਾ, ਪ੍ਰੋ. ਤਾਰਾ ਸਿੰਘ ਅਨਜਾਣ, ਹਰਪਾਲ ਸਿੰਘ ਸੇਵਕ ਆਦਿ ਨਾਂ ਸ਼ਾਮਲ ਸਨ। ਇਹਨਾਂ ਵਿਦਵਾਨਾਂ ਨੂੰ ਹੀ ਅੱਜ ਆਪਣੇ ਖੋਜ ਪੱਤਰਾਂ ਦੇ ਖਰੜੇ ਪੇਸ਼ ਕਰਨ ਲਈ ਸ੍ਰੀ ਭੈਣੀ ਸਾਹਿਬ ਸੱਦਿਆ ਗਿਆ ਸੀ।

ਪ੍ਰੋ. ਸਾਹਿਬ ਦੇ ਕਹਿਣ ਅਨੁਸਾਰ ਸ. ਜਸਵਿੰਦਰ ਸਿੰਘ, ਸ. ਵਿਰਕ ਅਤੇ ਅਨਜਾਣ ਜੀ ਨੇ ਖੋਜ ਪੱਤਰ ਪੇਸ਼ ਕੀਤੇ। ਇਸ ਸੰਬੰਧੀ ਸ੍ਰੀ ਉਦੈ ਸਿੰਘ ਜੀ, ਸੰਤ ਜਗਤਾਰ ਸਿੰਘ, ਸ. ਹਰਵਿੰਦਰ ਸਿੰਘ ਹੰਸਪਾਲ, ਸ. ਗੁਰਭੇਜ ਸਿੰਘ ਗੁਰਾਇਆ, ਸ. ਸਰਨਪਾਲ ਸਿੰਘ ਰੰਧਾਵਾ ਆਦਿ ਨੇ ਆਪਣੇ ਸੁਝਾਅ ਪੇਸ਼ ਕੀਤੇ। ਪ੍ਰੋ. ਜੋਗਿੰਦਰ ਸਿੰਘ ਨੇ ਇਹਨਾਂ ਖਰੜਿਆਂ ਨੂੰ ਅੰਤਮ ਰੂਪ ਦੇਣ ਲਈ ਲੇਖਕਾਂ ਨੂੰ ਆਪਣੇ ਵਡਮੁੱਲੇ ਸੁਝਾਅ ਦਿੱਤੇ ਅਤੇ ਪ੍ਰਬੰਧਕਾਂ ਦਾ ਧੰਨਵਾਦ ਕਰਨ ਨਾਲ ਮੀਟਿੰਗ ਸਮਾਪਤ ਹੋਈ।

ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

# ਰੋਕੋ ਨਾ ਜਾਣ ਦਿਓ

ਰੋਕੋ ਨਾ ਜਾਣ ਦਿਓ ਐਸਾ ਵਾਕ ਹੈ ਜਿਸ ਦੇ ਇਕ ਦੂਜੇ ਤੋਂ ਉਲਟ ਅਰਥ ਹਰ ਆਪਣੀ ਮਰਜ਼ੀ ਅਤੇ ਸਹੂਲਤ ਅਨੁਸਾਰ ਬਣਾ ਸਕਦਾ ਹੈ। ਬਸ ਉਸਦੀ ਸੋਚ ਅਨੁਸਾਰ ਉਸ ਵੇਲੇ ਠਹਿਰਾਓ ਅਤੇ ਲਿਖਣ ਵੇਲੇ ਨਿਖੇੜਨ ਦਾ ਵਿਸ਼ਰਾਮ ਚਿੰਨ੍ਹ ਲਾਉਣ ਬਾਰੇ ਸੋਚਣ ਦੀ ਲੋੜ ਹੈ। ਜੇ ਕਿਸੇ ਨੂੰ ਰੁਕਣ ਦੀ ਥਾਂ ਚਲੇ ਜਾਣ ਦੀ ਇਜਾਜ਼ਤ ਦੇਣੀ ਹੋਵੇ ਤਾਂ ਇਸ ਨੂੰ ਲਿਖਿਆ ਜਾ ਸਕਦਾ ਹੈ: ਰੋਕੋ ਨਾ, ਜਾਣ ਦਿਓ। ਦੂਜੇ ਪਾਸੇ ਜੇ ਰੋਕਣਾ ਹੈ ਅਤੇ ਜਾਣ ਨਹੀਂ ਦੇਣਾ ਇਸ ਨੂੰ ਲਿਖਿਆ ਜਾਏਗਾ: ਰੋਕੋ, ਨਾ ਜਾਣ ਦਿਓ। ਗੱਲ ਨਜ਼ਰੀਏ ਦੀ ਹੈ ਸਾਡਾ ਨਜ਼ਰੀਆ ਕੀ ਹੈ? ਅਸੀਂ ਚਾਹੁੰਦੇ ਕੀ ਹਾਂ? ਜ਼ਿੰਦਗੀ ਏਸੇ ਉਧੇੜ ਬੁਣ ਵਿੱਚ ਚਲੀ ਜਾਂਦੀ ਹੈ। ਇਹ ਚਿੰਤਨ ਬਹੁਤਿਆਂ ਲਈ ਪ੍ਰਸ਼ਨ ਚਿੰਨ੍ਹ ਬਣਿਆ ਰਹਿੰਦਾ ਹੈ ਕਿ ਰੋਕਣ ਅਤੇ ਜਾਣ ਦੇਣ ਵਿਚ ਨਿਖੇੜਾ ਕਿਵੇਂ ਹੋਏ? ਕਿਸ ਗੱਲ ਤੋਂ ਰੋਕਿਆ ਜਾਵੇ ਤੇ ਕਿਸ ਗੱਲ ਤੋਂ ਨਾ ਰੋਕਿਆ ਜਾਵੇ। ਉਂਜ ਰੋਕਣ ਅਤੇ ਜਾਣ ਦੇਣ ਵਿਚ ਫਰਕ ਸਰੀਰਕ ਵੀ ਹੋ ਸਕਦਾ ਹੈ, ਮਾਨਸਿਕ ਵੀ ਹੋ ਸਕਦਾ ਹੈ, ਆਤਮਿਕ ਵੀ। ਭਾਵ ਕਿਸੇ ਪੱਖੋਂ ਰੋਕਣਾ ਜਾਂ ਜਾਣ ਦੇਣ ਦੀ ਸੋਚ ਹੈ ਅਤੇ ਉਸ ਨਾਲ ਜੁੜਿਆ ਹੋਇਆ ਮਨੁੱਖ ਦਾ ਨਜ਼ਰੀਆ ਹੋ ਸਕਦਾ ਹੈ।

ਕੁਦਰਤ ਦਾ ਸੰਤੁਲਨ ਵਿਗਾੜਨ ਵਾਲਾ, ਜੰਗਲਾਂ ਨੂੰ ਕੱਟ ਕੇ ਪਹਾੜਾਂ ਤੇ ਮੈਦਾਨਾਂ ਨੂੰ ਰੁੰਡ ਮੁੰਡ ਕਰਨ ਵਾਲਾ ਮਨੁੱਖ, ਰੁੱਖ ਕੱਟ ਰਹੇ ਹੋਰ ਮਨੁੱਖਾਂ ਬਾਰੇ ਵੀ ਇਹੀ ਰਵਈਆ ਅਖਤਿਆਰ ਕਰੇਗਾ। ਇਸਨੂੰ ਰੋਕੋ ਨਾ, ਰੁੱਖ ਕੱਟੀ ਜਾਣ ਦਿਓ।

ਮਾਸਾਹਾਰੀ ਕਿਸੇ ਨੂੰ ਸ਼ਿਕਾਰ ਕਰਨ ਤੋਂ ਨਹੀਂ ਰੋਕੇਗਾ, ਨਾ ਉਹ ਮਾਸ ਖਾਣ ਨੂੰ ਨਿੰਦੇਗਾ ਤੇ ਜੇ ਕੋਈ ਚਾਹੇਗਾ ਕਿ ਸ਼ਿਕਾਰ ਬੰਦ ਹੋਵੇ, ਬੁੱਚੜਖਾਨੇ ਬੰਦ ਹੋਣ, ਮਾਸ ਵੇਚਣ ਵਾਲੀਆਂ ਦੁਕਾਨਾਂ ਬੰਦ ਹੋਣ ਤਾਂ ਉਹ ਆਪਣੇ ਨਜ਼ਰੀਏ ਅਨੁਸਾਰ ਇਹੀ ਆਖੇਗਾ ਇਨ੍ਹਾਂ ਨੂੰ ਵੀ ਨਾ ਰੋਕੋ ਜਾਣ ਦਿਓ ਜਿਵੇਂ ਕਰੀ ਜਾਂਦੇ ਨੇ। ਸ਼ਰਾਬ ਪੀਣ ਵਾਲਾ, ਨਸ਼ੇ ਦੀਆਂ ਗੋਲੀਆਂ ਖਾਣ ਵਾਲਾ, ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲਾ, ਨਸ਼ੇ ਦੇ ਹੱਕ ਵਿਚ ਹੀ ਆਪਣੀ ਦਲੀਲ ਦੇਵੇਗਾ। ਉਹ ਨਹੀਂ ਸੋਚੇਗਾ ਕਿ ਇਸ ਤੇ ਰੋਕ ਕਿਵੇਂ ਲਾਈ ਜਾਵੇ। ਲੋੜ ਤਾਂ ਹੁੰਦੀ ਹੈ ਕਿ ਕੱਚੇ ਕੋਠਿਆਂ ਦੇ ਤਿੜਕ ਰਹੇ ਸ਼ਤੀਰਾਂ ਨੂੰ ਡਿਗਣੋਂ ਰੋਕਣ ਲਈ ਥੰਮ੍ਹੀ ਦੇਣ ਦੀ। ਤੇ ਜੇ ਨਾ ਰੋਕੀਏ ਤਾਂ ਸਾਰੀ ਛੱਤ ਕੋਠੇ ਵਿਚ, ਜਾਨ ਤੇ ਸਮਾਨ ਦਾ ਨੁਕਸਾਨ।

ਕਿਸੇ ਗਲਤ ਕੰਮ ਤੋਂ ਉਸ ਵੇਲੇ ਨਾ ਰੋਕਣਾ ਸਹੀ ਸਮਝਿਆ ਜਾ ਸਕਦਾ ਹੈ ਜਿਵੇਂ ਜੇ ਕੋਈ ਤੇਜ਼ ਰਫਤਾਰ ਨਾਲ ਸਕੂਟਰ ਕਾਰ, ਬਸ ਆਦਿ ਚਲਾਉਂਦਾ ਆ ਰਿਹਾ ਹੈ, ਉਹ ਹੈ ਵੀ ਸੱਜੇ ਹੱਥ ਜਿਹੜਾ ਕਿ ਗਲਤ ਹੈ ਤਾਂ ਉਸਨੂੰ ਰੋਕਣ ਦੀ ਥਾਂ ਤੇ ਪਹਿਲਾਂ ਪਾਸੇ ਹੋ ਕੇ ਆਪਦਾ ਬਚਾਅ ਕਰਨਾ ਪਵੇਗਾ।

ਪਰ ਜਿਨ੍ਹਾਂ ਕੰਮਾਂ ਤੋਂ ਰੋਕਣਾ ਹੈ ਉਹਨਾਂ ਦੀ ਚੋਣ ਵੀ ਤਾਂ ਕਰਨੀ ਪਏਗੀ ਨਾ। ਚੋਣ ਸਹਿਜੇ ਹੀ ਕੁਛੜ ਖੇਡਦੇ ਬਾਲ ਤੋਂ ਸ਼ੁਰੂ ਹੋ ਜਾਂਦੀ ਹੈ ਭਾਵੇਂ ਉਸਨੂੰ ਸਮਝ ਨਹੀਂ ਪਰ ਉਸਨੂੰ ਰੋਕਣਾ ਪਵੇਗਾ ਕਿਤੇ ਰਿੜ੍ਹਦਾ ਰਿੜ੍ਹਦਾ ਮੰਜੀਓਂ ਹੇਠਾਂ ਨਾ ਡਿੱਗ ਪਏ। ਕਿਤੇ ਤੱਤੀ ਤੱਤੀ ਚੀਜ਼ ਨੂੰ ਹੱਥ ਨਾ ਲਾ ਦੇਵੇ, ਕਿਤੇ ਹੱਥ ਮਾਰ ਕੇ ਕੋਈ ਚੀਜ਼ ਰੋੜ੍ਹ ਨਾ ਦੇਵੇ, ਕੋਈ ਚੀਜ਼ ਤੋੜ ਨਾ ਦੇਵੇ, ਕਿਤੇ ਗੰਦਗੀ ਵਿਚ ਹੱਥ ਨਾ ਮਾਰ ਦੇਵੇ। ਤੁਰਦੇ ਅਬੋਧ ਬਾਲਕ ਨੂੰ ਵੀ ਗਲੀਆਂ, ਸੜਕਾਂ ਤੋਂ ਰੋਕਣਾ ਹੁੰਦਾ ਹੈ ਤਾਂ ਕਿ ਆਪੇ ਡਿੱਗ ਕੇ ਜਾਂ ਕਿਸੇ ਤੇਜ਼ ਰਫਤਾਰ ਆਉਂਦੀ ਸਵਾਰੀ ਨਾਲ ਟੱਕਰ ਖਾ ਕੇ ਸੱਟ ਫੇਟ ਨਾ ਲਵਾ ਬੈਠੇ। ਸਕੂਲ ਜਾਣ ਤੇ ਆਮ ਤੌਰ ਉਤੇ ਬਾਲ ਦਾ ਜੀਅ ਨਹੀਂ ਕਰਦਾ ਫਿਰ ਵੀ ਪੜ੍ਹਨੇ ਪਾ ਕੇ, ਉਸਨੂੰ ਛੁੱਟੀ ਕਰਨੋਂ ਰੋਕਣਾ ਹੁੰਦਾ ਹੈ, ਤਾਂ ਕਿ ਘਰ ਰਹਿਣ ਦੀ ਆਦਤ ਪਾ ਕੇ ਉਹ ਪੜ੍ਹਨੋਂ ਨਾਬਰ ਨਾ ਹੋ ਜਾਵੇ।

ਵੱਡਾ ਹੋਇਆ ਬੱਚਾ ਆਲੇ ਦੁਆਲੇ ਤੋਂ ਕੁਝ ਤਜ਼ਰਬਾ ਕਰਕੇ, ਕੁਝ ਸ਼ਬਦ ਭੰਡਾਰ ਗ੍ਰਹਿਣ ਕਰਕੇ, ਆਪਣੇ ਆਪ ਨੂੰ ਵੱਡਾ ਵੱਡਾ ਸਮਝਣ ਲੱਗ ਪੈਂਦਾ ਹੈ। ਉਸਨੂੰ ਦਲੀਲਬਾਜ਼ੀ ਆ ਜਾਂਦੀ ਹੈ। ਪਰ ਵੱਡਿਆਂ ਨੂੰ ਉਸਨੂੰ ਰੋਕਣਾ ਪਵੇਗਾ ਕਿ ਉਹ ਵੱਡਿਆਂ ਦਾ ਅਨਾਦਰ ਨਾ ਕਰੇ, ਫਜ਼ੂਲ ਬਹਿਸ ਵਾਸਤੇ ਬਹਿਸ ਨਾ ਕਰੇ, ਜਿਸ ਗੱਲ ਦਾ ਉਸਨੂੰ ਕਾਫੀ ਤਜ਼ਰਬਾ ਨਹੀਂ ਉਸ ਬਾਰੇ ਜ਼ਿੱਦ ਨਾ ਕਰੇ ਤੇ ਆਪਣੀ ਅੱਧੀ ਅਧੂਰੀ ਸਿਆਣਪ ਨੂੰ ਹਉਮੈ ਦੀਆਂ ਪਉੜੀਆਂ ਨਾ ਚੜ੍ਹਨ ਦੇਵੇ। ਪਤਾ ਨਹੀਂ ਕਦੋਂ ਉਸਦਾ ਪੈਰ ਥਿੜ੍ਹਕ ਜਾਵੇ। ਫਿਰ ਗਿਣਤੀ ਦੁਬਾਰਾ ਇਕ ਤੋਂ ਸ਼ੁਰੂ ਕਰਨੀ ਪਵੇਗੀ।

ਘਰ ਤੋਂ ਬਾਹਰ ਰਹਿੰਦੇ ਗੱਭਰੂ ਜਾਂ ਮੁਟਿਆਰ ਦਾ ਆਪਣਾ ਮਿੱਤਰ ਮੰਡਲ ਵੀ ਹੁੰਦਾ ਹੈ। ਉਹ ਮਨ-ਮਰਜ਼ੀ ਦਾ ਖਾਂਦੇ ਪੀਂਦੇ ਵੀ ਹਨ, ਬਾਹਰ-ਅੰਦਰ ਸੈਰ-ਸਪਾਟਾ ਵੀ ਕਰਦੇ ਹਨ। ਨਾ ਐਨੀ ਛੋਟੀ ਉਮਰ ਹੁੰਦੀ ਹੈ, ਤੇ ਨਾ ਹੀ ਲੋੜ ਹੁੰਦੀ ਹੈ ਕਿ ਉਹਨਾਂ ਨੂੰ ਮਾਪਿਆਂ ਦੀਆਂ ਉਂਗਲਾਂ ਫੜ੍ਹ ਕੇ ਤੁਰਨ ਲਈ ਮਜ਼ਬੂਰ ਕੀਤਾ ਜਾਵੇ ਪਰ ਉਹਨਾਂ ਨੂੰ ਰੋਕਣਾ ਪਵੇਗਾ ਮਾੜੀ ਸੰਗਤ ਤੋਂ, ਬਦਨਾਮ ਸਾਥੀਆਂ ਤੋਂ, ਭੈੜੇ ਮਾਹੌਲ ਤੋਂ, ਅਲ-ਮਲ ਖਾਣ ਤੋਂ ਅਤੇ ਰਾਹੋਂ ਕੁਰਾਹੇ ਪੈਣ ਤੋਂ, ਨਹੀਂ ਤਾਂ ਉਹ ਨਸ਼ਈ, ਵਿਸ਼ਈ, ਜੁਆਰੀਏ, ਗੁੰਡੇ ਅਤੇ ਗੈਰ ਸਮਾਜੀ ਤੱਤਾਂ ਦੇ ਧਾਰਨੀ ਵੀ ਬਣ ਸਕਦੇ ਹਨ, ਜਿਹਨਾਂ ਦੇ ਕੁਕਰਮਾਂ ਕਰਕੇ ਮਾਪਿਆਂ ਦੀ ਨਮੋਸ਼ੀ ਤਾਂ ਹੁੰਦੀ ਹੀ ਹੈ, ਉਹ ਦੇਸ਼ ਤੇ ਕੌਮ ਲਈ ਕਲੰਕ ਸਾਬਿਤ ਹੁੰਦੇ ਹਨ। ਸਿਆਣੇ ਆਖਦੇ ਹਨ- ਮੰਦਾ ਕੁੱਤਾ ਖਸਮੇ ਗਾਲ੍ਹ। ਸੋ ਮੰਦਾ ਫਿਕਾ ਬੋਲਣ ਤੋਂ, ਮਾੜਾ ਚੰਗਾ ਲਿਖਣ ਤੋਂ ਰੋਕਣਾ ਹੀ ਪਏਗਾ। ਰੋਕਣ ਦਾ ਵੀ ਇਹ ਇਕ ਢੰਗ ਹੀ ਹੈ ਨਾ! ਲੋੜ ਅਨੁਸਾਰ ਦਲੀਲ ਵੀ ਵਰਤਣੀ ਪਵੇਗੀ।

ਅੱਜ ਮਾਪੇ ਨੌਜਵਾਨ ਬੱਚੇ ਨੂੰ ਕਿਸੇ ਕੰਮ ਤੋਂ ਰੋਕਣ ਵੇਲੇ ਇਹ ਦਲੀਲ ਵਰਤਣ ਕਿ ਮੈਂ ਤੈਨੂੰ ਜੰਮਿਆ ਹੈ ਜਾਂ ਤੂੰ ਮੈਨੂੰ ਜੰਮਿਆ ਹੈ। ਮੈਂ ਤੇਰਾ ਪਿਓ ਹਾਂ ਜਾਂ ਤੂੰ ਮੇਰਾ ਪਿਓ ਹੈਂ। ਤਾਂ ਇਸਦੇ ਅਰਥ ਤਾਂ ਕੋਈ ਨਾ ਨਾਲ ਹੋਏ। ਸੋ ਰੋਕਣਾ ਰਾਹ ਰਾਹ ਦਾ ਹੁੰਦਾ ਹੈ ਤਰੀਕੇ ਤਰੀਕੇ ਦਾ ਹੁੰਦਾ ਹੈ।

ਉਂਜ ਨਾ ਰੋਕਣ ਵਾਲਾ ਬੰਦਾ ਬੜਾ ਚੰਗਾ ਲੱਗਦਾ ਹੈ। ਜੇ ਅਧਿਆਪਕ ਨਕਲ ਕਰਨੋਂ ਨਾ ਰੋਕੇ, ਮਾਪੇ ਭੈੜੀ ਸੰਗਤ ਤੋਂ ਨਾ ਰੋਕਣ, ਸਰਕਾਰ ਸਰਕਾਰੀ ਨਿਯਮਾਂ ਦੀ ਉਲੰਘਣਾ ਕਰਨ ਤੋਂ ਨਾ ਰੋਕੇ, ਕੋਈ ਰਿਸ਼ਵਤ ਲੈਣ ਤੋਂ ਨਾ ਰੋਕੇ, ਕੋਈ ਲਾਲ ਬੱਤੀ ਪਾਰ ਕਰਨ ਤੋਂ ਨਾ ਰੋਕੇ, ਕੋਈ ਕੰਮ ਤੇ ਦੇਰ ਨਾਲ ਆਉਣ ਤੋਂ ਨਾ ਰੋਕੇ, ਕੋਈ ਕੰਮ ਨਾ ਕਰਨ ਤੋਂ ਨਾ ਰੋਕੇ ਸਗੋਂ ਹੱਲਾਸ਼ੇਰੀ ਦੇਵੇ ਜਾਂ ਇਹ ਕਹੇ ਸਭ ਚੱਲਦਾ ਹੈ, ਉਹ ਬੰਦਾ ਬੜਾ ਚੰਗਾ ਲਗਦਾ ਹੈ। ਬੰਦਾ ਇਹ ਸਮਝਦਾ ਹੀ ਨਹੀਂ ਕਿ ਐਸਾ ਵਿਅਕਤੀ ਉਸਦੀਆਂ ਬੇੜੀਆਂ ਵਿਚ ਵੱਟੇ ਪਾ ਰਿਹਾ ਹੈ।

ਜ਼ਿੰਦਗੀ ਵਿਚ ਜੇ ਰੋਕਣਾ ਹੋਵੇਗਾ ਤਾਂ ਜ਼ਿੰਦਗੀ ਦੀ ਪਹੁੰਚ ਨਕਾਰਾਤਮਕ ਦਿਸੇਗੀ। ਸਹਿਜੇ ਹੀ ਕਿਸੇ ਬਾਰੇ ਕਹਿ ਦਿਆਂਗੇ, ਇਹ ਤਾਂ ਹਰ ਗੱਲ ਤੇ ਟੋਕਾ-ਟਾਕੀ ਲਾਈ ਰੱਖਦਾ ਹੈ। ਇਹ ਤਾਂ ਦੱਸਦਾ ਨਹੀਂ ਕੀਤਾ ਕੀ ਜਾਏ। ਸੋ ਜ਼ਰੂਰੀ ਨਹੀਂ ਜ਼ਿੰਦਗੀ ਇਸ ਸਿਰ ਤੇ ਚਲਦੀ ਹੈ। ਰੋਕੋ, ਨਾ ਜਾਣ ਦਿਓ। ਜ਼ਿੰਦਗੀ ਇਸ ਸਿਰ ਤੇ ਵੀ ਚਲਣੀ ਹੈ ਕਿ ਰੋਕੋ ਨਾ, ਜਾਣ ਦਿਓ। ਜੇ ਕੋਈ ਮਿਹਨਤ ਕਰਦਾ ਹੈ ਪੜ੍ਹਾਈ ਵਿਚ ਚੰਗੇ ਨੰਬਰ ਲੈਂਦਾ ਹੈ ਜਾਂ ਉਤਸ਼ਾਹ ਨਾਲ ਕੰਮ ਕਰਕੇ ਪੈਸੇ ਕਮਾਉਂਦਾ ਹੈ ਤਾਂ ਉਸਨੂੰ ਰੋਕਣ ਦੀ ਲੋੜ ਨਹੀਂ। ਨਾ ਹੀ ਉਸਨੂੰ ਰੋਕਣ ਦੀ ਲੋੜ ਹੈ ਜਿਹੜਾ ਆਪਣੀ ਇਜ਼ਤ ਬਣਾਉਂਦਾ ਹੈ ਤੇ ਮਾਪਿਆਂ ਦੀ ਇਜ਼ਤ ਵੀ ਬਣਾਉਂਦਾ ਹੈ ਜਿਸ ਬਾਰੇ ਸੋਚ ਕੇ ਇਹ ਆਖਿਆ ਜਾ ਸਕਦਾ ਹੈ :

***ਤਿਨ ਧੰਨੁ ਜਣੇਦੀ ਮਾਉ***
***ਆਏ ਸਫਲੁ ਸੇ।। -ਸੇਖ ਫਰੀਦ***

ਜਿਹੜਾ ਮਿਸ਼ਰੀ ਦੇ ਪਹਾੜ ਵਰਗਾ ਹੈ ਮਿੱਠਾ ਹੀ ਮਿੱਠਾ, ਜਿਸਦੇ ਮੂੰਹੋਂ ਫੁੱਲ ਕਿਰਦੇ ਹਨ, ਜਿਸਦੀ ਲੋਕ ਸਾਹਮਣੇ ਨਹੀਂ, ਪਿੱਠ ਪਿੱਛੇ ਵੀ ਸਿਫਤ ਕਰਦੇ ਨੇ, ਜਿਹੜਾ ਦੂਜਿਆਂ ਨੂੰ ਕੁਝ ਦੇਂਦਾ ਹੈ, ਉਹਨਾਂ ਤੋਂ ਨਾ ਕੁਝ ਮੰਗਦਾ, ਨਾ ਹੀ ਕੋਈ ਆਸ ਰੱਖਦਾ ਹੈ, ਜਿਸਦਾ ਜੀਵਨ ਦੂਜਿਆਂ ਲਈ ਹੈ, ਜਿਹੜਾ ਦੂਜਿਆਂ ਨੂੰ ਉਜਾੜਦਾ ਨਹੀਂ, ਵਸਾਉਂਦਾ ਹੈ। ਜਿਹੜਾ ਤੋੜਦਾ ਨਹੀਂ, ਜੋੜਦਾ ਹੈ, ਉਸ ਬਾਰੇ ਇਹ ਆਖਣ ਲੱਗਿਆਂ ਕਿ ਉਸਨੂੰ ਆਪਣੇ ਰਾਹ ਤੁਰੇ ਜਾਣ ਦਿਉ। ਕਿਸੇ ਦੀ ਜ਼ਬਾਨ ਨਹੀਂ ਥਿੜਕਣੀ ਚਾਹੀਦੀ। ਉਹ ਤਾਂ ਦੂਜਿਆਂ ਨੂੰ ਵੀ ਰਸਤਾ ਦੱਸ ਸਦਕਾ ਹੈ। ਐਸਾ ਤੁਰੇ ਜਾਣ ਵਾਲਾ ਵਿਅਕਤੀ ਸੂਰਮਾ ਹੋ ਸਕਦਾ ਹੈ, ਜਿਹੜਾ ਕਿਸੇ ਲਈ ਜਿੰਦ ਜਾਨ ਤੱਕ ਵਾਰਨ ਵਾਲਾ ਹੁੰਦਾ ਹੈ। ਐਸਾ ਵਿਅਕਤੀ ਦਾਨੀ ਹੋ ਸਕਦਾ ਹੈ ਜਿਹੜਾ ਕੇਵਲ ਧਨ ਹੀ ਨਹੀਂ ਦਾਨ ਕਰਦਾ, ਸਗੋਂ ਤਨ ਵੀ ਦਾਨ ਕਰ ਸਕਦਾ ਹੈ, ਮਨ ਵੀ ਦਾਨ ਕਰ ਸਕਦਾ ਹੈ ਅਤੇ ਸਰਬੰਸਦਾਨੀ ਵੀ ਹੋ ਸਕਦਾ ਹੈ।

ਜ਼ਰੂਰੀ ਤਾਂ ਨਹੀਂ ਕਿ ਰੋਕਣ ਜਾਂ ਨਾ ਰੋਕਣ ਦੀ ਪ੍ਰਕਿਰਿਆ ਬਾਹਰੋਂ ਆਵੇ, ਕੋਈ ਹੋਰ ਕਿਸੇ ਦੂਜੇ ਦੇ ਮੰਦੇ ਚੰਗੇ ਕਰਮ ਦਾ ਨਿਖੇੜਾ ਕਰੇ, ਕੋਈ ਕਿਸੇ ਦੀ ਉਸਤਤ ਨਿੰਦਿਆ ਕਰੇ, ਕੋਈ ਕਿਸੇ ਨੂੰ ਸਤਿਕਾਰੇ ਜਾਂ ਤਿਰਸਕਾਰੇ ਇਹ ਤਾਂ ਆਪਣੇ ਅੰਦਰੋਂ ਵੀ ਹੋ ਸਕਦਾ ਹੈ। ਸਥੂਲ ਸਰੀਰ ਵਿੱਚ ਸੂਖਮ ਸਰੀਰ ਵੀ ਹੈ, ਬੁੱਧੀ ਵੀ ਹੈ, ਚੰਚਲ ਮਨ ਵੀ ਹੈ। ਇਹ ਸਾਡੇ ਸਾਹਮਣੇ ਕਰਨ ਨਾ ਕਰਨ ਦਾ ਸੰਤੁਲਨ ਪੇਸ਼ ਕਰਦੇ ਹਨ। ਇਹ ਸਾਡੇ ਕੁਝ ਕਰਨ ਤੋਂ ਪਹਿਲੇ ਫੈਸਲੇ ਦੇ ਦੇਂਦੇ ਹਨ ਕਿ ਅਸੀਂ ਮੰਦਾ ਫਿੱਕਾ ਬੋਲੀਏ, ਲਿਖੀਏ ਜਾਂ ਨਾ, ਮਾੜਾ ਚੰਗਾ ਖਾਈਏ ਜਾਂ ਨਾ, ਬੁਰਾ ਭੈੜਾ ਕਰਮ ਕਰੀਏ ਜਾਂ ਨਾ। ਬੱਸ ਮੰਨਣ ਵਿਚ ਅਸੀਂ ਅਵੇਸਲੇ ਹੋ ਜਾਂਦੇ ਹਾਂ ਜਾਂ ਮਨਮਤੀਏ। ਅਸੀਂ ਧੱਕੇ ਨਾਲ ਉਸ ਪਾਸੇ ਵੱਟੇ ਪਾਉਂਦੇ ਹਾਂ ਜੋ ਸਾਡਾ ਕਰਨ ਨੂੰ ਜੀਅ ਕਰਦਾ ਹੈ। ਸਾਨੂੰ ਪਤਾ ਹੈ ਕਿ ਕੋਈ ਚੀਜ਼ ਕੋਈ ਕੰਮ, ਕੋਈ ਬਚਨ ਨੁਕਸਾਨਦਾਇਕ ਹੋ ਸਕਦਾ ਹੈ ਫਿਰ ਵੀ ਅਸੀਂ ਉਸ ਪਾਸਿਓਂ ਮੂੰਹ ਨਹੀਂ ਮੋੜਦੇ। ਲਛਮਣ ਰੇਖਾ ਦੀ ਜਾਣਦੇ ਹੋਏ ਉਲੰਘਣਾ ਕਰਦੇ ਹਾਂ। ਅਸੀਂ ਜਿਸਦਾ ਹੁਕਮ ਮੰਨਣਾ ਹੁੰਦਾ ਹੈ, ਉਸਨੂੰ ਹੁਕਮ ਦੇਣ ਦੀ ਗੁਸਤਾਖੀ ਕਰਨ ਲੱਗ ਜਾਂਦੇ ਹਾਂ। ਕਿਤੋਂ ਮਿਲਿਆ ਮੋਰ ਦਾ ਖੰਭ ਲਾ ਕੇ ਸਮਝਦੇ ਹਾਂ ਮੋਰ ਬਣ ਗਏ ਹਾਂ। ਆਪਣੇ ਆਲੇ ਦੁਆਲੇ ਦੇ ਸੁਆਰਥੀ ਜਾਂ ਝੂਠੇ ਪ੍ਰਸੰਸਕਾਂ ਦੇ ਸਿਰ ਤੇ ਆਪਣੇ ਆਪ ਨੂੰ ਵੱਡਾ ਸਮਝਣ ਲੱਗ ਪੈਂਦੇ ਹਾਂ। ਠੀਕ ਉਸੇ ਤਰ੍ਹਾਂ ਜਿਵੇਂ ਸ਼ਾਮ ਨੂੰ ਜਦ ਲੇਲੇ ਨੇ ਆਪਣਾ ਲੰਮਾ ਪਰਛਾਵਾਂ ਵੇਖਿਆ ਤਾਂ ਉਸ ਨੇ ਕਿਹਾ, ਮੈਂ ਐਵੇਂ ਸ਼ੇਰ ਬਘਿਆੜਾਂ ਤੋਂ ਡਰਦਾ ਹਾਂ, ਮੈਂ ਆਪ ਬੜਾ ਵੱਡਾ ਹਾਂ।

ਮਨੁੱਖ ਨੂੰ ਪਤਾ ਹੁੰਦਾ ਹੈ ਚੋਰੀ, ਯਾਰੀ, ਠੱਗੀ, ਬੇਈਮਾਨੀ, ਹੇਰਾਫੇਰੀ, ਨੁਕਸਾਨਦਾਇਕ ਹੈ ਫਿਰ ਵੀ ਕਰਦਾ ਹੈ। ਉਸਨੂੰ ਪਤਾ ਹੁੰਦਾ ਹੈ ਸ਼ੁਭ ਕਰਮ ਕਿਹੜੇ ਹਨ। ਫਿਰ ਵੀ ਛੱਡਦਾ ਹੈ। ਰਸਤਿਆਂ ਉਤੇ ਦਿਸ਼ਾ ਸੰਕੇਤ ਲਿਖੇ ਹੁੰਦੇ ਹਨ, ਉਹ ਫਿਰ ਵੀ ਰਾਹੋਂ ਕੁਰਾਹੇ ਜਾਂਦਾ ਹੈ। ਇਸ ਵੇਲੇ ਆਪਣੇ ਅੰਦਰੋਂ ਉਠੀ ਆਵਾਜ਼ ਨੂੰ ਸੁਣਨ ਦੀ ਲੋੜ ਹੈ। ਉਸ ਦੀ ਸੁੱਚੀ ਸੁਰ ਪਛਾਨਣ ਦੀ ਲੋੜ ਹੈ। ਉਸਦੇ ਉਤੇ ਅਮਲ ਕਰਨ ਦੀ ਲੋੜ ਹੈ। ਮਾਨ ਨੂੰ ਹਾਥੀ ਵਰਗਾ ਵੱਡਾ ਮਸਤ ਹੋਣੋਂ ਰੋਕਣ ਦੀ ਲੋੜ ਹੈ ਕਿਉਂਕਿ ਐਸੀ ਮਤ, ਨਾ ਰੋਕਣ ਵਾਲੀ ਬੁੱਧੀ ਮਨਮਤ ਹੀ ਹੋਏਗੀ ਜਿਹੜੀ ਕਿਸੇ ਤਰ੍ਹਾਂ ਵੀ ਲਾਹੇਵੰਦੀ ਨਹੀਂ ਹੋਏਗੀ।

ਸੁਖ ਮਨ ਨੂੰ ਚੰਚਲਤਾਵਾਂ, ਚਤੁਰਾਈਆਂ ਕਰਨੋਂ ਰੋਕਣ ਵਿਚ ਹੈ। ਚੰਚਲ ਮਨ ਦੀ ਤਿਲਕਣ ਵਿੱਚ ਤਿਲਕ ਜਾਣ ਵਿਚ ਨਹੀਂ, ਮਨ ਦੇ ਕਾਬੂ ਹੋਣ ਵਿਚ ਨਹੀਂ, ਮਨ ਨੂੰ ਕਾਬੂ ਕਰਨ ਵਿਚ ਹੈ। ਇਹ ਰਸਤਾ ਆਤਮਿਕ ਸੁੱਖ ਵਲ ਜਾਂਦਾ ਹੈ। ਪਰ ਬੰਦਾ ਕਈ ਵਾਰ ਚਾਹੁੰਦੇ ਹੋਏ ਵੀ ਭਟਕ ਜਾਂਦਾ ਹੈ। ਭਟਕਣਾ ਤੋਂ ਰੋਕਣ ਵਾਸਤੇ ਲਗਾਤਾਰ ਅਭਿਆਸ ਕਰਨ ਦੀ ਲੋੜ ਹੈ। ਅਭਿਆਸ ਕਰਨ ਦਾ ਪ੍ਰਯੋਗ ਹੀ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਮਹੀਨਾ ਭਰ ਕਰਵਾਉਂਦੇ ਹਨ- ਜਪ ਪ੍ਰਯੋਗ ਦੇ ਨਾਂ ਤੇ। ਇਸ ਜਪ ਪ੍ਰਯੋਗ ਵਿਚ ਸਰੀਰ ਨੂੰ ਵੀ ਸ਼ਾਂਤ, ਸੱਚੇ ਸੁੱਚੇ, ਸੁਚੱਜੇ, ਸੁਹਿਰਦ, ਸੁਖਾਵੇਂ ਵਾਤਾਵਰਣ ਵਿਚ ਬੰਨ੍ਹ ਕੇ ਬਿਠਾਉਣਾ ਪੈਂਦਾ ਹੈ, ਮਨ ਬਿਰਤੀ ਨੂੰ ਇਕਾਗਰ ਕਰਨਾ ਪੈਂਦਾ ਹੈ। ਜਿਨ੍ਹਾਂ ਸਫਲਤਾਵਾਂ ਸਹਿਤ ਕੀਤਾ, ਉਹਨਾਂ ਨੂੰ ਆਤਮਿਕ ਸੁਖ ਪ੍ਰਾਪਤ ਹੋਇਆ ਹੈ ਤੇ ਜਿੰਨ੍ਹਾਂ ਨੂੰ ਮੰਜ਼ਿਲ ਦਿਸ ਪਈ, ਉਹਨਾਂ ਨੂੰ ਹੋਰ ਅੱਗੇ ਤੁਰਨ ਵਾਸਤੇ ਪ੍ਰਕਾਸ਼ ਨਜ਼ਰ ਆਉਂਦਾ ਹੈ। ਉਹਨਾਂ ਨੂੰ ਸਮਝ ਆ ਜਾਂਦੀ ਹੈ ਕਿ ਆਪਣੇ ਆਪ ਨੂੰ ਕਿਸੇ ਪਾਸਿਓਂ ਰੋਕਣਾ ਹੈ ਤੇ ਕਿਸ ਪਾਸੇ ਜਾਣ ਦੇਣਾ ਹੈ।

**-ਤਾਰਾ ਸਿੰਘ ਅਨਜਾਣ**


# ਪਿੰਡ ਮੋਰੋਂ (ਜ਼ਿਲ੍ਹਾ ਜਲੰਧਰ) ਵਿਖੇ ਹਵਨ ਵਰਨੀ

27 ਨਵੰਬਰ 2011 ਨੂੰ ਸੰਤ ਬਲਦੇਵ ਸਿੰਘ ਦੇ ਗ੍ਰਹਿ ਪਿੰਡ ਮੋਰੋਂ ਵਿਖੇ ਸੂਬਾ ਜਸਬੀਰ ਸਿੰਘ ਪੱਦੀ ਖਾਲਸਾ ਅਤੇ ਸੰਤ ਹਰਜੀਤ ਸਿੰਘ ਮੁਠੱਡਾ ਦੀ ਅਗਵਾਈ ਵਿਚ ਪੂਰਨ ਗੁਰ ਮਰਯਾਦਾ ਅਨੁਸਾਰ ਇਕ ਭਜਨ ਦੀ ਵਰਨੀ ਅਤੇ ਦੋ ਹਵਨ ਘਰ ਦੀ ਸੁੱਖ ਸ਼ਾਂਤੀ ਅਤੇ ਕਾਰੋਬਾਰ ਵਿੱਚ ਵਾਧੇ ਨਮਿਤ ਕੀਤੇ ਗਏ। ਹਵਨ ਵਰਨੀ ਕਰਨ ਵਾਲੇ ਸਿੰਘਾਂ ਤੋਂ ਬਿਨਾਂ ਹੋਰ ਸੰਗਤ ਵੀ ਵੱਡੀ ਗਿਣਤੀ ਵਿੱਚ ਇਸ ਸਮਾਗਮ ਵਿੱਚ ਇਕੱਤਰ ਹੋਈ। ਸੂਬਾ ਸੁਰਜੀਤ ਸਿੰਘ ਇਸ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਪਰਵਾਰ ਵਲੋਂ ਸਮੂਹ ਸੰਗਤ ਦੀ ਸੇਵਾ ਪ੍ਰੇਮ ਸਹਿਤ ਕੀਤੀ ਗਈ।

# ਪ੍ਰਵਚਨ

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

# ਧਰਮ ਵਾਲਿਆਂ ਦੇ ਸਿਆਸਤ ਪਿੱਛੇ ਪਿੱਛੇ ਘੁੰਮਦੀ ਹੈ



ਸਤਿਗੁਰਾਂ ਨੇ ਜਿਹੜਾ ਉਪਦੇਸ਼ ਸਾਨੂੰ ਬਾਣੀ ਦੇ ਵਿਚ ਦਿੱਤਾ ਹੈ ਉਹ ਆਪਣੇ ਜੀਵਨ ਦੇ ਉਤੇ ਘਟਾ ਕੇ ਸਾਨੂੰ ਵਿਖਾਇਆ ਹੈ। ਸਹਿਨਸ਼ੀਲਤਾ ਵਲੋਂ, ਸਾਦਗੀ ਵਲੋਂ, ਇਹ ਜਿਹੜੀਆਂ ਚੀਜ਼ਾਂ ਹਨ ਇਕ ਉਸ ਰਾਹ ਤੇ ਲੈ ਜਾਂਦੀਆਂ ਹਨ ਜਿਸ ਰਾਹ ਦੇ ਵਿਚ ਸਾਰੇ ਰਾਹ ਆ ਕੇ ਪੈ ਜਾਂਦੇ ਹਨ।

ਕਈਆਂ ਆਦਮੀਆਂ ਦਾ ਐਸਾ ਵਿਚਾਰ ਹੈ ਕਿ ਧਰਮ ਤੇ ਸਿਆਸਤ ਵੱਖਰੀ ਵੱਖਰੀ ਹੈ। ਇਹ ਬਿਲਕੁਲ ਗਲਤ ਚੀਜ਼ ਹੈ। ਜਿਥੇ ਧਰਮ ਆ ਜਾਵੇਗਾ, ਉਥੇ ਹਰ ਇਕ ਚੀਜ਼ ਆਪਣੇ ਆਪ ਉਸਦੇ ਪਿਛੇ ਆ ਜਾਵੇਗੀ। ਧਰਮ ਨੂੰ ਮੰਨਣ ਵਾਲਿਆਂ ਨੇ ਹੀ ਕੁਰਬਾਨੀਆਂ ਦਿੱਤੀਆਂ ਹਨ ਅਤੇ ਦੇਸ਼ ਇਸੇ ਕਰਕੇ ਚੰਗੀਆਂ ਲੀਹਾਂ ਦੇ ਉੱਤੇ ਖਲੋ ਸਕਿਆ ਹੈ ਜਾਂ ਆਜ਼ਾਦ ਹੋ ਸਕਿਆ ਹੈ।

ਤੁਸੀਂ ਹੋਰ ਵੇਖ ਲਵੋ ਕਿ ਕਮੇਟੀਆਂ ਜਿਥੇ ਬਣਦੀਆਂ ਹਨ ਉਥੇ ਰੌਲੇ ਪੈਂਦੇ ਹਨ, ਪੈਸੇ ਖਾ ਜਾਂਦੇ ਹਨ। ਬਹੁਤ ਕੁਝ ਕਰਦੇ ਹਨ। ਗੁਰਦਾਸਪੁਰ ਜ਼ਿਲ੍ਹੇ ਦੇ ਵਿਚ ਇਕ ਕੋਈ ਸੁਸਾਇਟੀ ਜਾਂ ਕਮੇਟੀ ਬਣੀ ਜਿਹੜੀ ਖਾਦਾਂ, ਉਹਨਾਂ ਨੇ ਸਰਕਾਰ ਪਾਸੋਂ ਲਈਆਂ ਤੇ ਕਿਸਾਨਾਂ ਨੂੰ ਵੰਡੀਆਂ। ਜਿਸ ਵੇਲੇ ਰੁਪਿਆਂ ਦੀ ਵਸੂਲੀ ਕਰਨੀ ਸੀ ਸਰਕਾਰ ਨੂੰ ਵਾਪਸੀ ਲਈ, ਤਾਂ ਉਹ ਜਾ ਕੇ ਲੱਭਣ ਉਹ ਪਿੰਡ। ਜਿਹੜੇ ਪਿੰਡ ਦਾ ਨਾਂ ਲਿਖ ਕੇ ਉਹਨਾਂ ਨੇ ਦਰਖਾਸਤ ਦਿੱਤੀ ਸੀ ਉਹ ਪਿੰਡ ਹੀ ਨਾ ਲੱਭੇ। ਨਾ ਉਹ ਬੰਦਾ ਲੱਭੇ ਉਸ ਇਲਾਕੇ ਵਿਚੋਂ। ਪਰ ਜੇਕਰ ਗੁਰਦੁਆਰੇ ਬਣਾਏ ਹਨ ਉਹਨਾਂ ਵਿਚ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਦਾ ਗੁਰਦੁਆਰਾ, ਉਹ ਦੁਆਬੇ ਵਾਲੇ ਸੰਤਾਂ ਨੇ ਬਣਾਇਆ। ਜਿਹੜਾ ਫਤਹਿਗੜ੍ਹ ਸਾਹਿਬ ਵਾਲਾ ਗੁਰਦੁਆਰਾ ਹੈ, ਉਹ ਵੀ ਸੰਤਾਂ ਨੇ ਹੀ ਬਣਾਇਆ। ਫਿਰ ਉਹ ਸਰਸੋਂ ਦੀ ਬਾਲ ਦੇ ਕੋਲ ਇਕ ਗੁਰਦੁਆਰਾ ਹੈ ਬਾਬੇ ਦੀ ਬੇਰ ਜਾਂ ਬਾਬੇ ਦੀ ਬੀੜ ਗੁਰਦੁਆਰਾ ਇਕ ਬਣਿਆ ਹੈ। ਸੰਤ ਗੁਰਮੁਖ ਸਿੰਘ ਨੇ ਜੇਕਰ ਮੈਂ ਨਾਂ ਨਹੀਂ ਭੁਲਦਾ, ਮੇਰਾ ਖਿਆਲ ਹੈ ਉਹ ਹੀ ਸਨ ਅਤੇ ਉਨ੍ਹਾਂ ਨੇ ਹੀ ਉਹ ਬਣਾਇਆ ਸੀ, ਤੇ ਕਮੇਟੀ ਵਾਲਿਆਂ ਨੇ ਆਖਿਆ ਬਈ, ਕਿਸੇ ਨੇ ਜਾ ਕੇ ਦੱਸ ਦਿਤਾ ਕਿ ਗੁਰਦੁਆਰਾ ਬਹੁਤ ਸੋਹਣਾ ਬਣਿਆ ਹੋਇਆ ਹੈ। ਕਮੇਟੀ ਵਾਲੇ ਕੋਲ ਬੈਠੇ ਸੀ ਤਾਂ ਉਨਾਂ ਨੇ ਆਖਿਆ ਕਿ ਕਬਜ਼ਾ ਕਰ ਲਈਏ, ਉਸ ਨੇ ਆਖਿਆ ਨਹੀਂ ਅਜੇ ਬੂਹੇ ਬਾਰੀਆਂ ਲੱਗਣ ਵਾਲੇ ਹਨ। ਮੈਂ ਸੁਣਿਆਂ ਉਸ ਤੋਂ ਬਾਦ ਜਿਸ ਵੇਲੇ ਸਾਰਾ ਕੁਝ ਤਿਆਰ ਹੋ ਗਿਆ ਤਾਂ ਕਮੇਟੀ ਵਾਲਿਆਂ ਨੇ ਜਾ ਕੇ ਆਖਿਆ ਕਿ ਸੰਤ ਜੀ ਦਿਓ ਹਿਸਾਬ। ਐਨਾ ਰੁਪਿਆ ਸੰਗਤਾਂ ਦਾ ਤੁਸੀਂ ਖਰਚ ਕੀਤਾ ਹੈ। ਸੰਤਾਂ ਨੂੰ ਹਿਸਾਬ ਕਿਤਾਬ ਨਾਲ ਕੀ ਉਨ੍ਹਾਂ ਦੇ ਤਾਂ ਨਾਮ ਤੇ ਚਰਨਾਂ ਦੇ ਪ੍ਰਤਾਪ ਨਾਲ ਪੈਸੇ ਆਉਂਦੇ ਹਨ। ਸੋ ਇਹ ਚੀਜ਼ ਜਿਹੜੀ ਹੈ, ਜਿਹੜੀ ਸਤਿਗੁਰਾਂ ਨੇ ਸਾਨੂੰ ਬਾਣੀ ਦੁਆਰਾ ਦੱਸੀ ਹੈ ਕਿ ਅਮਲੀ ਜੀਵਨ ਬਣਾਉਣਾ, ਉਸ ਦੇ ਪਿਛੇ ਸਾਰੀ ਚੀਜ਼ ਆ ਗਈ ਹੈ ਅਤੇ ਸਿਆਸਤ ਵਾਲੇ ਉਹ ਭਾਵੇਂ ਕਿੰਨੀ ਵੀ ਕੋਸ਼ਿਸ਼ ਕਰਦੇ ਰਹਿਣ, ਉਹ ਨਹੀਂ ਸੀ ਬਣ ਸਕਦੀਆਂ ਚੀਜ਼ਾਂ ਭਾਵੇਂ ਉਹ ਕਿੰਨੀ ਵੀ ਕੋਸ਼ਿਸ਼ ਕਰਦੇ।

ਨਾਮ ਜਪਣ ਵਾਲਿਆਂ ਦੀ ਅੱਧੀ ਜ਼ਬਾਨ ਦੇ ਨਾਲ ਆਖਿਆਂ ਬਣੀਆਂ ਹਨ। ਬਹੁਤੇ ਨਾਮਧਾਰੀ ਸਿੱਖਾਂ ਵਿਚ, ਵੱਡੀਆਂ ਵੱਡੀਆਂ ਤਾਕਤਾਂ ਸਨ ਕਿ ਦਰਿਆ ਨੇ ਉਨ੍ਹਾਂ ਨੂੰ ਰਾਹ ਦੇ ਦਿੱਤੇ, ਖਲੋ ਗਏ, ਪਿਛਾਂਹ ਹਟ ਗਏ। ❖

सतिजुग

1920 में स्थापित

**अमृत वचन**

## श्री सद्गुरु जगजीत सिंह जी



### इस तरफ का ध्यान हो

**यदि बच्चे सिख में पूरे न रहें, दाढ़ियां काटे, मांस शराब खायें पीयें, किस माता पिता को सुख की नींद आती है। हमारे बच्चों ने नाम सिमरन किया है कि नहीं इस तरफ का ध्यान हमें हो।**

**नराज छंद**

**प्रसंन देवता भए।**
**चरंन पूजबे धए।**
**सनंलमुखान ठड्ढियं।**
**प्रणाम पान पड्ढियं।**

*देवता अत्यंत प्रसन्न हुऐ और उसके चरणों की पूजाा करने के लिये दौडे। सम्मुख आकर गिर पडे तथा प्रणाम कर स्तुति करने लगे।*

अनुवाद : डाक्टर जोध सिंह

**अमृत वचन**

## श्री सद्गुरु प्रताप सिंह जी

### वो सदा ही सुनते हैं

**रोज़ अरदास किया करो, सच्चे पातशाह हमारे पर कृपा कर, हमें यह बल बख्श, हम तेरा हुक्म माने, जितना तू मनाये। हर समय अरदास किया करो। सद्गुरु जी सदा ही सुनते हैं।**

# गुरु की महिमा

✍ **डा. सतवंत कौर मठारु**

गुरु का स्थान संसार में सर्वोतम होता है। गुरु शब्द अपने आप में सार्थक है। गुरु वो होता है जो शिक्षा दे। किसी भी कार्य को सीखने के लिये गुरु धारण करना पड़ता है। एक शिशु व बालक के लिये सर्वप्रथम गुरु मां होती है। वो घर में बच्चों को शिक्षित करती है। उसे अच्छे संसकार प्रदान करती है।

आध्यात्मिक क्षेत्र में गुरु की विशेष व उच्चतम भूमिका होती है। गुरुबाणी में गुरु को ब्रहम व महेश कहा गया है। गुरु के बिना मनुष्य का उद्धार नहीं होता। गुरु शिष्य को मार्ग दर्शाता है। आत्मा प्रमात्मा का मिलन गुरु के माध्यम से होता है। जैसे कि संत कबीर जी ने कहा है :

*गुरु गोविन्द दोनों खड़े*
*काके लागो पाए।*
*बलिहारी गुरु अपने*
*जिन गोविन्द दीओ मिलाए।*

सद्गुरु व्यक्ति को भले बुरे की पहचान करवाता है। जीव, ब्रह्म् व सृष्टि संसार के रहस्य को उजागर करता है। सत्य का ज्ञान देता है व नाम का दान देता है। मनुष्य को दुख जंजाल तथा पंचम विकारों से बचाते है। उसके अह्म को नष्ट करता है। गुरु अपने उपदेशों तथा अमृतवाणी से व्यक्ति के जीवन को संवारता है। जैसे कि गुरु नानक वाणी में है :

***गुरु दाता गुरु हिवै घर***
***गुरु दीपकु तिह लोइ।***
***अमर पदारथु नानका***
***मनि मानिअै सुख होइ।***

गुरु अपने शब्द द्वारा संसार में व्याप्त कूड़ पापों को दूर करके ज्ञान प्रकाश से उसे प्रकाशमय करता है। व्यक्ति गुरु की शरण में आकर अनन्त सुखों की प्राप्ति करता है। जो व्यक्ति गुरु चरणों में सर्मपित है, उन्हें जीवन में कोई दुख सन्ताप व किसी प्रकार का कोई आभाव नहीं रहता। सर्मपित व्यक्ति गुरु को बहुत भाते हैं जो गुरु के आदेशों का पालन करते हैं :

*जो जन सदा हुक्म में रहते,*
*वो सद्गुरु को भले लगते।*
*दुनियां में रह कर भी वे*
*दुनियां के रंग में न रमते।*

सभी धर्मो में गुरु की महिमा गाई जाती है। ईश्वर से भी उंचा गुरु को स्थान दिया गया है। सूफी काव्य धारा में सूफी कवियों ने अपने मुर्शद गुरु को सर्वोपरि माना है। उन्होंने भी आत्मा परमात्मा के मिलन का माध्यम मुर्शद को ही माना है। मुर्शद की अपार कृपा से साधक अपनी साधना मंजिलों को पार करता हुआ अपने लक्ष्य को प्राप्त करता है। साधक बन्धन मुक्त होकर अपने ईष्ट के दीदार के लिये बिना जल मीन की भांति तड़पता है। सूफी कवी सुलतान बाहू ने अपने कलाम में अपने मुर्शद के दीदार के लिये कैसे तलब ब्यान की है :

*ये मन मेरा चश्मा हौवे,*
*मैं मुर्शद वेख न रज्जा हूं।*
*लूं लूं दे मुख लख लख चश्मा,*
*इक खोलां इक कज्जा हूं।*
*मुर्शद दा दीदार वे बाहू*
*मैनूं लख करोड़ा हज्जा हूं।*

गुरु के दर्शन मात्र से मनुष्य इस भव सागर से पार हो जाता है। गुरु की प्राप्ति बड़े भाग्य से होती है। गुरु की महिमा के विषय में श्री आदि ग्रंथ साहिब में भक्तों, गुरुओं व महांपुरषों ने बहुत कुछ कहा है। आसा की वार में गुरु नानक देव जी ने कहा है :

- ***बलिहारी गुरु आपणै***
  ***दिउहाडी सदवार।।***
- ***नानक सतिगुरु भेटिअै***
  ***पूरी होवै जुगति।।***
- ***हसंदिया खेलंदिया पैनदिआं***
  ***खावंदिआ विचै होवै मुक्ति।।***

गुरु की महिमा अपरंपार है। बिना गुरु के, हर तरफ अंधकार है। ज्ञान चक्षु गुरु ही देता है। वही कठिन समय में सहायक बनकर व्यक्ति के कार्यो को पूर्ण करता है। आधुनिक समय में गुरु को समर्पित होना थोड़ा कठिन आवश्य है परन्तु गुरु के दरबार में कोई कमी नहीं।

श्री सद्गुरु जगजीत सिंह जैसा गुरु तो बडे सौभग्य से प्राप्त होता है। आपके दीदार से जीवन सफल हो जाता है। आपके प्रवचनों व उपदेशों से संगत निहाल होती है। सच्चे पातशाह जी की महिमा गुणगान अकथनीय है। आप ज्ञान व गुणों के भंडार हैं। आपका मुख्य उपदेश नाम सिमरन है, इसी ओर सभी को प्रेरित करते हैं।

# 7वीं शहीद बिशन सिंह मैमोरियल टेबल टैनिस प्रतियोगता आयोजित

मण्डी–परम पूज्य श्री सद्गुरू जगजीत सिंह जी के पावन आर्शीवाद से नामधारी स्पोटर्स कल्ब रजि. मण्डी ने पड्डल स्टेडियम स्थित इन्डोर टेबल टैनिस हाल में जिला टेबल टैनिस एसोसिएशन के साथ मिलकर 7वीं शहीद बिशन सिंह मैमोरियल जिला स्तरीय टेबल टैनिस प्रतियोगिता का आयोजन 29 अक्टूबर से 30 अक्टूबर तक किया। प्रतियोगिता का शुभारम्भ श्रीमती योग्यता देवी ने किया। इस प्रतियोगिता में जिला भर से आए 58 बच्चों ने विभिन्न आयु वर्गों में खेलते हुए अपनी प्रतिभा का प्रदर्शन किया। इस प्रतियोगिता में विजेता रहे बच्चों को राज्य स्तरीय प्रतियोगिता में भाग लेने के लिए सोलन भेजा गया। प्रतियोगिता के समापन समारोह में मण्डी जिला के पुलिस उप–अधीक्षक श्री अशीश शर्मा मुख्य अतिथि के रूप में शामिल हुए तथा विजेता, उपविजेता बच्चों को पुरस्कार दिए। उन्होंने शहीद बिशन सिंह को श्रद्धांजली देते हुए कहा कि उनकी शहादत को बार–बार स्मरण करने से बच्चों को प्रेरणा मिलती है तथा उनमें देश सेवा की भावना जागृत होती है। उन्होंने खेल प्रतियोगिताओं के आयोजन के लिए नामधारी स्पोटर्स कल्ब की प्रशसा की। समारोह में जिला खेल अधिकारी पदम सिंह नेगी, व्यापार मण्डल नेरचौक के प्रधान अमृतपाल सिंह, कल्ब के अध्यक्ष हरमीत सिंह बिटटू, महासचिव राजेन्द्रपाल सिंह राजा, टेबल टैनिस एसोसिएशन के उप–प्रधान हेमन्त राज वैद्य, सचिव हेमन्त कपूर, नामधारी संगत से सूबा गुरमीत सिंह, साधा सिंह, सतपाल सिंह सहित शहर के कई गणमान्य व्यक्ति तथा खेल प्रेमी उपस्थित थे।

–हरमीत सिंह बिटटू




विजेता खिलाड़ी को पुरस्कृत करते हुए मुख्य अतिथि पुलिस उप अधीक्षक श्री अशीष शर्मा।

# Dharambir Singh receives MBE by Her Majesty The Queen

Ustad Dharambir Singh was made the Member of British Empire (MBE) by Her Majesty the Queen in an Investiture Ceremony held at Buckingham Palace, London on 11th May 2011. The ceremony lasted for one hour from 11am to12 pm in which about hundred individuals were bestowed with a wide variety of honours, including Knighthood and Orders of Chivalry. These individuals had served the



**Ustad Dharambir Singh being conferred with MBE Award by Prince Charles of United Kingdom.**

country in a variety of fields. Ustad Dharambir Singh was made MBE for his services to Indian music in the country.

Shri Dharambir Singh was born in a Namdhari Sikh family in which his grandfather Sardar Surat Singh, father Sardar Surjit Singh and Uncle Sardar Avtar Singh all were musicians and devotees of Sri Satguru Ji. With the grace and guidance of Sri Satguru Jagjit Singh Ji, Dharambir Singh learnt Sitar from Prof. Sitararm of Amritsar, Prof. Narinder Nirula of Patiala and the legendary late Ustad Vilayat Khan Saheb.

Shri Dharambir Singh migrated to United Kingdom in 1979 and since then has been active as a performer, educator and a music activist. He was part of a pioneer scheme in teaching Indian classical music to youngsters in schools in Leicestershire (UK). After completing masters from University of London he became a lecturer at Leeds College of Music. Later he worked as an Artistic Director of South Asian Arts UK and a Consultant with Bharatiya Vidaya Bhavan, London. He also was made Fellow of NESTA (National Endowment for Sports Technology and Arts) to develop new technology to learn finer details of Indian music.

He pioneered the formation of South Asian Music Youth Orchestra known as SAMYO and Tarang, the Senior Music Youth Orchestra to encourage collective music compositions in Indian music, thus showcasing the British talent. He has performed in numerous prestigious venues in UK, has toured Europe, USA, Canada and India.

This honour has been received as a message of acknowledgement, acceptance by the British South Asian Music Sector. The western community has accepted Indian music as an enriching factor of life in multicultural Britain.

Dharambir Singh is supported by his life partner Gunwant Kaur and his three sons Surmeet Singh, Upneet Singh and Kaviraj Singh, who are all practicing musicians.

Sri Satguru Ji's blessings, guidance and inspiration have nurtured Ustad Dharambir Singh to serve the community through music. It is evident that Satguru Ji has sown the seed which is now blossoming as a tree and giving fruits, spreading his message of oneness, love for God, love for Gurbani and the positive attributes of Indian classical music, in helping human beings in realizing their true essence. ■

SATJUG
ESTABLISHED IN 1920

# PRAKASH PURAB OF DASAM PATSHAH

**Southall, December 31, 2011–**Today at Namdhari Sikh Centre, Southall the Sangat marked the 346th birth anniversary of Sri Satguru Gobind Singh Ji. The program started at 6 pm in the evening and lasted till the arrival of New Year 2012 CE.

The program began with the hourly meditation (Naam-Simran). In the course, ceremonial closings of two Akhand Paths were performed.

- One Paath of Sri Adi Granth Sahib – It was done by the Sangat on the birth anniversary of Sri Guru Gobind Singh Ji.
- One Paath of Sri Dasam Granth Sahib – It was done in the memory of Late Mrs. Jaspal Kaur, w/o Prof. Tara Singh Anjan. She left for the heavenly abode about 3 years ago.

Afterwards, S. Satwinder Singh Bhogal performed the mesmerizing Kirtan. He was accompanied by Shri Sarabjit Singh Dogra on Tabla. Towards the end of this phase, Anjan Saggu spoke about Sri Dasam Granth Sahib. He mentioned that a book on personal development could be written based on the contents of Vivek and Avivek as mentioned in this scripture.

Post Langar, the second phase of today's program started with the Kirtan by Dr. Sanjiv and Rohan. Both brothers impressed the Sangat with their sweet and harmonious Kirtan. Following Shabads were sung by them –

- ***Mango Ram te ik daan,***
  ***Sagal manorath puran hoe, Simar tumaro naam***
- ***Har ka bilovana bilovao mere bhai***

Sant Avtar Singh was next on the stage singing the bani of Dasam Patshah Ji. Afterwards, Gian Singh Virdi, a pupil of Ustad Gurdev Singh, performed Raag Ragheshawari on Sitar. The rich melody was well appreciated by the Sangat. He was ably supported by Shri Sarabjit Singh and Shri Kulwant Singh Bhogal on Tabla.

Shri Satwinder Singh Bhogal and the group were on the stage for the last 45 minutes. Those were for the Kirtan and associated narration of verses from Bachitra Natak. The informative narration was very well appreciated by the Sangat.

- *Hemkunt parbat hai jahan || Sapat Sring sobhit hai tahan...*

Before Shri Kuldip Singh Rayat performed the concluding ardas, Stage Secretary Anjan Saggu conveyed the message "Bin ek naam adhar, sabh karam bharam bichar", expressed the gratitude and wished a Happy New Year 2012 to all.

# SODHIS BECAME SPIRITUALLY ENLIGHTENED

**✍ BEANT KAUR**

The Sodhis became very prosperous and powerful. They conquered innumerable kings, they propagated religion and performed so many Havan Yagas. After a few generations, Sodhis invaded Punjab to take revenge of their fore-fathers. There was a fierce fighting between the two and consequently, the descendents of Kalkeit were defeated and driven out of Punjab. They fled to Kashi, where they studied Vedas in detail and attained scholarly heights in the knowledge of Vedas. Their popularity spread far and wide. Their descendents were subsequently called the Vedis.

After a few generations, Sodhis learnt that Vedis were also their brothers. So they invited Vedis to come to Punjab for acquiring knowledge of the Vedas. They gave a very patient hearing to the recitation of Rig Veda, Sam Veda and Yajur Veda. On hearing the recitation of Atherva Veda, the Sodhis became spiritually enlightened. They decided to abandon all their worldly belongings and go to the jungle to spend rest of their lives in prayers. They renounced their throne to Vedis. The Vedi king was immensely over pleased to get the throne and he gave his blessings to the Sodhi king. He said," O king ! the Primeval Lord would incarnate himself as Guru Nanak in our dynasty ; the fourth successor of Guru Nanak Dev Ji would be a Sodhi". Thus the fourth Guru, Guru Ram Das Ji was a Sodhi and the tenth Guru, Guru Gobind Singh Ji was the (last) Sodhi to be the Sikh Guru.

– To be contd.

# ਹਿਸਾਰ ਵਿਚ ਅੰਮ੍ਰਿਤਸਰ ਦੇ ਨਾਮਧਾਰੀ ਸ਼ਹੀਦਾਂ ਨੂੰ ਯਾਦ ਕੀਤਾ

**ਹਿਸਾਰ**–ਹਿਸਾਰ ਦੀ ਸਰਵੋਦਿਆ ਸੰਸਥਾ ਦੀ ਇਹ ਖੂਬੀ ਹੈ ਕਿ ਸਵਦੇਸ਼ੀ ਸਮਤਾ ਅਤੇ ਸੂਝ ਦਾ ਦੀਪ ਜਗਾਉਣ ਨੂੰ ਸਮਰਪਿਤ ਇਹ ਮੰਚ ਹਰ ਐਤਵਾਰ ਚਾਰ ਤੋਂ ਪੰਜ ਵਜੇ ਸਰਵ ਧਰਮ ਪ੍ਰਾਰਥਨਾ ਤੋਂ ਬਾਅਦ ਇਕ ਸਭਾ ਆਯੋਜਿਤ ਕਰਦਾ ਹੈ ਜਿਸ ਵਿਚ ਕਿਸੇ ਇਕ ਮਜ਼ਮੂਨ ਤੇ ਜੋ ਇਹਨਾਂ ਦੇ ਬੁਨਿਆਦੀ ਵਿਚਾਰਾਂ ਨਾਲ ਮੇਲ ਖਾਂਦਾ ਹੋਵੇ, ਗੱਲਬਾਤ ਸੁਣੀ ਜਾਂਦੀ ਹੈ। ਬਰਤਾਨਵੀ ਬਸਤੀਵਾਦੀਆਂ ਵਿਰੁੱਧ ਆਪਣੀਆਂ ਸ਼ਹਾਦਤਾਂ ਦੀ ਲੜੀ ਆਰੰਭ ਕਰਨ ਵਾਲੇ, ਅੰਮ੍ਰਿਤਸਰ ਬੁੱਚੜਬੱਧ ਸਾਕੇ ਦੇ ਮੁਹਰੈਲ, ਭਾਈ ਲਹਿਣਾ ਸਿੰਘ ਪੰਨਵ ਦੇ ਵੰਸ਼ਜ਼, ਸੰਤ ਅਮਰਜੀਤ ਸਿੰਘ ਹਿਸਾਰ ਦੇ ਸਿਰੜੀ ਉਦਮ ਸਦਕਾ 4–5 ਮਹੀਨਿਆਂ ਦੇ ਸਮੇਂ ਵਿਚ ਦੋ ਵਾਰ ਨਾਮਧਾਰੀ ਸਮੁਦਾਇ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਸੁਤੰਤਰਾ ਅਤੇ ਮਨੁੱਖੀ ਬੇਹਤਰੀ ਲਈ ਵਿੱਢੇ, ਮੁਕਤੀ ਸੰਗਰਾਮ ਦੀ ਗਾਥਾ, ਦੋ ਵੇਰ ਹਿਸਾਰ ਦੇ ਪਰਬੁੱਧ ਨਾਗਰਿਕਾਂ ਦੇ ਸਾਹਵੇਂ ਰੱਖੀ ਗਈ। ਪਿਛਲੀ ਵੇਰ ਜਿਉਂ ਦੋਬਾਰਾ 13 ਨਵੰਬਰ 2011 ਨੂੰ ਵੀ 'ਬਾਬਾ ਲਹਿਣਾ ਸਿੰਘ ਪੰਨਵ ਅਤੇ ਅੰਮ੍ਰਿਤਸਰ ਦੇ ਨਾਮਧਾਰੀ ਸ਼ਹੀਦਾਂ' ਬਾਰੇ ਗੱਲਬਾਤ ਕਰਨ ਵਾਲੇ ਸ. ਸਵਰਨ ਸਿੰਘ ਵਿਰਕ ਵੀ ਸਨ। ਉਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਵਾਰਸਾਂ ਦੇ ਸਾਂਝੇ ਪੰਜਾਬੀ ਰਾਜ ਦੇ ਖਾਤਮੇ ਨੂੰ ਹੀ, ਸ੍ਰੀ ਅੰਮ੍ਰਿਤਸਰ ਜਿਹੇ ਪਵਿੱਤਰ ਸਿੱਖ ਤੀਰਥ ਅਸਥਾਨ ਅਤੇ ਹੋਰ ਥਾਵਾਂ ਤੇ ਹੋ ਰਹੇ ਗਊਬੱਧ ਲਈ ਜ਼ਿੰਮੇਵਾਰ ਠਹਿਰਾਇਆ। ਨਵੀਂ ਬਣੀ ਅੰਗਰੇਜ਼ ਸਰਕਾਰ ਪੰਜਾਬ ਦੇ ਲੋਕਾਂ ਨੂੰ ਗਊਘਾਤ ਦੀ ਆਗਿਆ ਬੁੱਚੜਾਂ ਨੂੰ ਦੇ ਕੇ ਇਹ ਸੰਦੇਸ਼ ਦੇਣਾ ਚਾਹੁੰਦੀ ਸੀ ਕਿ ਹੁਣ ਰਾਜ ਪੰਜਾਬੀਆਂ ਦਾ ਨਹੀਂ ਸਗੋਂ ਪਾਰੋਂ ਆਏ ਗੋਰਿਆਂ ਦਾ ਹੈ। ਇਹੋ ਜਿਹੀਆਂ ਚੁਆਤੀਆਂ ਵਹਿਸ਼ੀ ਜੇਤੂ ਕੌਮਾਂ, ਹਰਿਆਂ ਲੋਕਾਂ ਦਾ ਮਨੋਬਲ ਤੋੜਨ ਲਈ ਲਾਇਆ ਕਰਦੀਆਂ ਹਨ। ਦੂਜਾ ਗਊਬੱਧ ਦੇ ਮੁੱਦੇ ਤੇ ਹਿੰਦੂ ਸਿੱਖਾਂ ਅਤੇ ਮੁਸਲਮਾਨਾਂ ਵਿਚ ਫਿਰਕੂ ਤਨਾਉ ਪੈਦਾ ਕਰਕੇ, ਅੰਗਰੇਜ਼ ਆਪਣੇ ਰਾਜ ਦੀ ਉਮਰ ਲੰਮੀ ਕਰਨਾ ਚਾਹੁੰਦਾ ਸੀ।

ਕਾਮਰੇਡ ਵਿਰਕ ਨੇ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਇਕ ਪ੍ਰਮੁੱਖ ਸੂਬਾ ਰਾਜਾ ਸਿੰਘ ਤਰਾਂਡੀ ਸਿੱਖੀ ਦੀ ਸ਼ਾਨ ਹਰਿਮੰਦਰ ਸਾਹਿਬ ਦੇ ਬਹੁਤ ਨੇੜੇ ਘੰਟਾਘਰ ਪਾਸ ਗਊ ਮਾਸ ਵਿਕਰੀ ਦੀ ਦੁਕਾਨ ਖੁੱਲ੍ਹਣ ਤੇ ਹਰਿਮੰਦਰ ਸਾਹਿਬ ਅਤੇ ਪਵਿੱਤਰ ਸਰੋਵਰ ਦੀ ਬੇਅਦਬੀ ਰੋਕਣ ਲਈ ਭਿੰਨ ਭਿੰਨ ਮੱਤਾਂ ਦੇ ਧਾਰਮਕ ਮੁਖੀਆਂ ਅਤੇ ਸਿੱਖ ਰਿਆਸਤਾਂ ਦੇ ਰਾਜਿਆਂ ਤੱਕ ਵੀ ਫਰਿਆਦੀ ਹੋਇਆ। ਪਰ ਸਭ ਗੋਰਾ ਸ਼ਾਹੀ ਦੇ ਆਤੰਕ ਕਰਕੇ ਦੜ ਵੱਟ ਗਏ। ਇਹ ਗੁਣਾਂ ਸਤਿਗੁਰੂ ਰਾਮ ਸਿੰਘ ਜੀ ਦੇ ਮਰਜੀਵੜਿਆਂ ਤੇ ਪਿਆ ਅਤੇ ਇਹ ਕਿਰਤੀ ਕਿਸਾਨ, ਦਸਤਕਾਰ, ਛੋਟੇ ਕਰਮਚਾਰੀ ਅਤੇ ਛੋਟਾ ਵਿਹਾਰ ਕਰਨ ਵਾਲੇ, ਦਸ ਮਿਹਨਤਕਸ਼ ਸਿੰਘ ਨਿਤਰੇ ਜਿਨਾਂ ਨੇ 14 ਜੂਨ 1871 ਦੀ ਰਾਤ ਗਊਘਾਤੀਆਂ ਦਾ ਸਫਾਇਆ ਕੀਤਾ। ਪ੍ਰੰਤੂ ਨਾਮਧਾਰੀ ਸਿੰਘਾਂ ਦੀ ਕੁਰਬਾਨੀ ਦੀ ਇਤਿਹਾਸ ਵਿਚ ਦੇਣ ਉਦੋਂ ਬੇਮਿਸਾਲ ਬਣਦੀ ਹੈ ਜਦੋਂ ਸਰਕਾਰ ਨੇ ਝੂਠੇ ਗਵਾਹਾਂ ਤੇ ਤਸ਼ੱਦਦ ਕਾਰਨ ਇਕਬਾਲੀ ਹੋਏ ਬੇਦੋਸ਼ਿਆਂ ਦੇ ਗਲਾਂ ਵਿਚ ਫਾਹੀ ਦੇ ਰੱਸੇ ਪਾਉਣ ਦਾ ਹੁਕਮ ਦੇ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਬੇਦੋਸ਼ਿਆਂ ਦੇ ਗਲੋਂ ਫਾਹੀ ਲੁਹਾਉਣ ਲਈ ਨਾਮਧਾਰੀ ਸਿੰਘਾਂ ਨੇ ਹਾਕਮਾਂ ਅੱਗੇ ਪੇਸ਼ ਹੋ ਕੇ ਲਹੂ ਭਿੱਜੀਆਂ ਤਲਵਾਰਾਂ ਸਬੂਤ ਵਜੋਂ ਪੇਸ਼ ਕਰਕੇ ਉਹਨਾਂ ਨੂੰ ਛੁਡਾਇਆ ਅਤੇ ਆਪ ਸੀਸ ਦਾ ਠੀਕਰਾ ਫਰੰਗੀਆਂ ਸਿਰ ਭੰਨਿਆਂ। 15 ਸਤੰਬਰ 1871 ਨੂੰ ਬਾਬਾ ਲਹਿਣਾ ਸਿੰਘ ਪੰਨਵ, ਬੀਹਲਾ ਸਿੰਘ ਨਾਰਲੀ, ਹਾਕਮ ਸਿੰਘ ਪਟਵਾਰੀ ਮੌੜੇ, ਫਤੇਹ ਸਿੰਘ ਭਾਟੜਾ ਅੰਮ੍ਰਿਤਸਰ ਅਤੇ ਅਗਸਤ 1872 ਵਿਚ ਝੰਡਾ ਸਿੰਘ ਠੱਠਾ ਫਾਂਸੀ ਦੁਆਰਾ ਸ਼ਹੀਦ ਕੀਤੇ ਗਏ। ਲਹਿਣਾ ਸਿੰਘ ਪੁੱਤਰ ਬਲਾਕਾ ਸਿੰਘ ਅੰਮ੍ਰਿਤਸਰ, ਸਿਪਾਹੀ ਲਾਲ ਸਿੰਘ ਭੀਲੋਵਾਲ, ਤੀਜਾ ਲਹਿਣਾ ਸਿੰਘ ਜੱਟ ਲੋਪੋਕੇ ਕਾਲੇ ਪਾਣੀ ਭੇਜ ਦਿੱਤੇ ਗਏ। ਲਛਮਣ ਸਿੰਘ ਚਹਿਲ, ਭਗਵਾਨ ਸਿੰਘ ਅੜਬੰਗੀ ਮਰਹਾਣਾ ਅਤੇ ਮੇਹਰ ਸਿੰਘ ਲੋਪੋਕੇ ਤਾ–ਉਮਰ ਭਗੋੜੇ ਰਹੇ। ਇਸ ਸਮੇਂ ਪ੍ਰਸਿੱਧ ਲੇਖਕ ਤੇ ਸਿਖਿਆ ਸ਼ਾਸਤਰੀ ਆਈਂ ਜੇ. ਨਾਹਲ, ਲੋਕ ਪੱਖੀ ਸ਼ਾਇਰ ਡਾ. ਸ਼ਰਮਾ, ਪ੍ਰਸਿੱਧ ਫੋਟੋਗ੍ਰਾਫਰ, ਤੇ ਪੱਤਰਕਾਰ ਅਸ਼ੋਕ ਗੁਪਤਾ, ਗੁਰਦੁਆਰਾ ਸਿੰਘ ਸਭਾ ਦੇ ਮੁਖੀ ਗ੍ਰੰਥੀ ਹਰਦੀਪ ਸਿੰਘ, ਸਰਵੋਦਿਅ ਦੇ ਸੰਯੋਜਕ ਸ਼੍ਰੀ ਸੁਰੇਸ਼ ਅਤੇ ਹਿਸਾਰ ਦੀ ਨਾਮਧਾਰੀ ਸੰਗਤ ਹਾਜ਼ਰ ਸੀ। ਸਰੋਤਿਆਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸਿੱਖਾਂ ਦੀਆਂ ਕੁਰਬਾਨੀਆਂ ਦੀ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ।

# ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਨਵੀਂ ਦਿੱਲੀ, 1 ਜਨਵਰੀ 2012**–ਅੱਜ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਮਨਜੀਤ ਸਿੰਘ ਦੇ ਜਥੇ ਵਲੋਂ ਵਾਰੇ ਦੇ ਰੂਪ ਵਿਚ ਕੀਤਾ ਗਿਆ। ਅੱਜ ਦਾ ਸਮਾਗਮ ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਨਵੀਂ ਦਿੱਲੀ ਵਿਖੇ ਕੀਤਾ ਗਿਆ। ਜਥੇ ਵਲੋਂ ਵਾਰ ਦੌਰਾਨ ਦਸਮ ਗੁਰੂ ਦੀ ਬਾਣੀ ਦੇ ਸ਼ਬਦ ਗਾਇਨ ਕੀਤੇ ਗਏ। ਉਪਰੰਤ ਜਥੇਦਾਰ ਸੇਵਾ ਸਿੰਘ ਦਿੱਲੀ ਨੇ ਕਥਾ ਕੀਤੀ। ਉਹਨਾਂ ਕਥਾ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਕੌਤਕਾਂ ਦਾ ਵਰਨਣ ਵਧੀਆ ਤਰੀਕੇ ਨਾਲ ਕੀਤਾ। ਜਥੇਦਾਰ ਜੀ ਨੇ ਆਪਣੇ ਵਖਿਆਨ ਨੂੰ ਤਰਤੀਬਵਾਰ ਇਸ ਢੰਗ ਨਾਲ ਪੇਸ਼ ਕੀਤਾ ਕਿ ਗੁਰੂ ਜੀ ਦਾ ਇਤਿਹਾਸ ਇਕ ਤਰ੍ਹਾਂ ਨਾਲ ਜੀਵੰਤ ਹੋ ਗਿਆ। ਕਥਾ ਤੋਂ ਬਾਅਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਦਾ ਪਾਠ ਕੀਤਾ ਗਿਆ। ਇਸ ਸਮੇਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਸਧਾਰਨ ਪਾਠਾਂ ਦੇ ਭੋਗ ਪਾਏ ਗਏ। ਅਰਦਾਸ ਨਾਲ ਅੱਜ ਦੇ ਮੇਲੇ ਦੀ ਸਮਾਪਤੀ ਹੋਈ।

**ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਤਿਜੁਗ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।**

# ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ ਅਤੇ ਕੀਰਤਨ

**ਲੁਧਿਆਣਾ, 13 ਨਵੰਬਰ 2011**–ਅੱਜ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ਸੰਤ ਸੁਰਿੰਦਰ ਸਿੰਘ ਭਾਈ ਜੀ (ਮਾਨ ਸਿੰਘ ਐਂਡ ਸੰਨਜ਼) ਵਲੋਂ ਕਰਵਾਏ ਹਫਤਾਵਾਰੀ ਸਮਾਗਮ ਦਾ ਆਰੰਭ ਜਥੇਦਾਰ ਅਮਰੀਕ ਸਿੰਘ, ਸੰਤ ਸੁਖਵਿੰਦਰ ਸਿੰਘ ਅਤੇ ਜਥੇ ਵਲੋਂ ਆਸਾ ਦੀ ਵਾਰ ਦੇ ਕੀਰਤਨ ਨਾਲ ਕੀਤਾ ਗਿਆ। ਹਾਜ਼ਰ ਸਾਧ ਸੰਗਤ ਨੇ ਗੁਰਬਾਣੀ ਕੀਰਤਨ ਦਾ ਅਨੰਦ ਮਾਣਦਿਆਂ ਨਾਮ ਸਿਮਰਨ ਕੀਤਾ।

ਸੂਬਾ ਹਰਭਜਨ ਸਿੰਘ, ਸੰਤ ਸੁਰਿੰਦਰ ਸਿੰਘ, ਗਿਆਨੀ ਜੋਗਿੰਦਰ ਸਿੰਘ ਸੰਤ ਸੁਰਿੰਦਰ ਸਿੰਘ ਭਾਈ ਜੀ ਆਦਿ ਵਲੋਂ ਵਾਰੇ ਵਾਲੇ ਜਥੇ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ ਅੱਸੂ ਦੇ ਜਪ ਪ੍ਰਯੋਗ ਦੌਰਾਨ ਆਸਾ ਦੀ ਵਾਰ ਲਗਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ ਸੀ। ਸੂਬਾ ਜੀ ਨੇ ਸਾਧ ਸੰਗਤ ਵਲੋਂ ਜਥੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਹੈ ਕਿ ਜਿਥੇ ਸਾਧ ਸੰਗਤ ਆਪ ਜੀ ਦਾ ਹੁਕਮ ਮੰਨ ਕੇ ਨਾਮ ਸਿਮਰਨ ਕਰਦੀ ਹੈ, ਉਥੇ ਸਥਾਨਕ ਰਾਗੀ ਜਥੇ ਵਲੋਂ ਆਸਾ ਦੀ ਵਾਰ ਅਤੇ ਗੁਰਬਾਣੀ ਕੀਰਤਨ ਸਰਵਣ ਕਰਕੇ ਆਪਣਾ ਜਨਮ ਸਫਲਾ ਕਰ ਰਹੀ ਹੈ। ਇਸ ਤੋਂ ਇਲਾਵਾ ਸਰਵ ਸੰਤ ਮੋਹਨ ਸਿੰਘ, ਸੁਖਦੇਵ ਸਿੰਘ, ਮਨਜੀਤ ਸਿੰਘ, ਸਵਿੰਦਰ ਸਿੰਘ, ਅਵਤਾਰ ਸਿੰਘ, ਬਲਬੀਰ ਸਿੰਘ, ਸਤਨਾਮ ਸਿੰਘ, ਸੰਤਾ ਸਿੰਘ ਆਦਿ ਦਾ ਸਨਮਾਨ ਕੀਤਾ ਗਿਆ।

ਇਸ ਸਮੇਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਦੋ ਸਧਾਰਨ ਪਾਠਾਂ ਦੇ ਭੋਗ ਪਾਏ ਗਏ। ਇਕ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਅਤੇ ਇਕ ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਹ ਅਰੋਗਤਾ ਅਤੇ ਚੜ੍ਹਦੀ ਕਲਾ ਲਈ। ਅਰਦਾਸ ਤੋਂ ਬਾਅਦ ਮੇਲਾ ਕਰਵਾਉਣ ਵਾਲਿਆਂ ਵਲੋਂ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ।

**21 ਨਵੰਬਰ 2011**–ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸ਼ਰਧਾਲੂ ਸੰਤ ਗੁਰਦੀਪ ਸਿੰਘ ਅਮਰ ਨਗਰ ਨੇ ਆਪਣੇ ਗ੍ਰਹਿ ਵਿਖੇ ਸਾਧ ਸੰਗਤ ਦੇ ਚਰਨ ਪੁਆਏ। ਇਸ ਸਮੇਂ ਸੰਤ ਸੁਖਵਿੰਦਰ ਸਿੰਘ ਲਾਇਲ ਨੇ ਹੱਲੇ ਦਾ ਦਿਵਾਨ ਸਜਾਉਂਦਿਆਂ ਕਿਹਾ ਸਾਨੂੰ ਹਮੇਸ਼ਾ ਸ੍ਰੀ ਸਤਿਗੁਰੂ ਜੀ ਦਾ ਹੁਕਮ ਮੰਨਦੇ ਹੋਏ ਨਾਮ ਸਿਮਰਨ, ਕਥਾ ਕੀਰਤਨ ਅਤੇ ਸੇਵਾ ਕਰਦੇ ਰਹਿਣਾ ਚਾਹੀਦਾ ਹੈ, ਜਿਸ ਨਾਲ ਕਿ ਅਸੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣ ਸਕੀਏ। ਸੰਤ ਮਨਜੀਤ ਸਿੰਘ ਨੇ ਦਿਵਾਨ ਸਜਾਉਂਦਿਆਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਦਾ ਵਰਨਣ ਕੀਤਾ। ਇਸ ਸਮੇਂ ਪ੍ਰਧਾਨ ਅਵਤਾਰ ਸਿੰਘ, ਜਥੇਦਾਰ ਅਮਰੀਕ ਸਿੰਘ, ਗੁਰਸੇਵਕ ਸਿੰਘ ਆਦਿ ਹਾਜ਼ਰ ਸਨ। **–ਬਲਬੀਰ ਸਿੰਘ**

# ਸ੍ਰੀ ਸਤਿਗੁਰੂ ਜੀ ਦਾ ਪ੍ਰਕਾਸ਼ ਪੁਰਬ ਮਨਾਇਆ




**ਬਲਾਚੌਰ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਮੇਂ ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਹੱਲੇ ਦਾ ਦਿਵਾਨ ਸਜਾਉਂਦੇ ਹੋਏ।**

**ਬਲਾਚੌਰ, 11 ਦਸੰਬਰ 2011**–ਅੱਜ ਏਥੇ ਡਾ. ਜਸਵੰਤ ਸਿੰਘ ਸੈਣੀ ਨੇ ਆਪਣੇ ਹਸਪਤਾਲ ਵਿਚ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ 93ਵਾਂ ਪ੍ਰਕਾਸ਼ ਪੁਰਬ ਸ਼ਰਧਾ ਸਤਿਕਾਰ ਨਾਲ ਮਨਾਇਆ। ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਹੱਲੇ ਦਾ ਦਿਵਾਨ ਸਜਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਜਥੇਦਾਰ ਜੀ ਨੇ ਆਪਣੇ ਵਖਿਆਨ ਰਾਹੀਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਤੇ ਬਖਸ਼ਸ਼ਾਂ ਦਾ ਵਰਨਣ ਕਰਕੇ ਉਪਸਥਿਤ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜੀ ਰੱਖਿਆ। ਦਿਵਾਨ ਵਿਚ ਹਾਜ਼ਰ ਸੰਗਤ ਬਹੁਤ ਪ੍ਰਭਾਵਿਤ ਹੋਈ। ਡਾ. ਸੈਣੀ ਨੇ ਜਥੇਦਾਰ ਜੀ ਅਤੇ ਸਾਧ ਸੰਗਤ ਦਾ ਧੰਨਵਾਦ ਕੀਤਾ।

**– ਪ੍ਰਧਾਨ ਬਲਵੰਤ ਸਿੰਘ ਜੰਡੀ**

**ਵਿਆਹ ਸੰਬੰਧੀ**

**ਨਾਮਧਾਰੀ ਸੁੰਦਰ ਸੁਸ਼ੀਲ, ਕਾਨਵੈਂਟ ਸਕੂਲ ਦੀ ਪੜ੍ਹੀ ਲਿਖੀ, ਸਤਿਕਾਰਤ ਪਰਿਵਾਰ ਦੀ ਲੜਕੀ, ਉਮਰ 27 ਸਾਲ, ਕੱਦ 5 ਫੁੱਟ 3 ਇੰਚ, ਸਰਕਾਰੀ ਮਲਟੀਨੈਸ਼ਨਲ ਉਪਕਰਮ ਵਿਚ ਬਤੌਰ ਮੈਨੇਜਰ (ਮਨੁੱਖੀ ਸੰਸਾਧਨ) ਵਜੋਂ ਕਾਰਜਰਤ, ਸਾਲਾਨਾ ਪੈਕੇਜ ਸਾਢੇ ਅੱਠ ਲੱਖ, ਲਈ ਸੁੰਦਰ, ਪਤਲੇ, ਖਾਨਦਾਨੀ ਅਤੇ ਪ੍ਰੋਫੈਸ਼ਨਲ ਲੜਕੇ ਦੀ ਜ਼ਰੂਰਤ ਹੈ।**

**ਸੰਪਰਕ : 09810440221** **ਪੋਸਟ ਬਾਕਸ : 820**

**email : madaang90@gmail.com**

**ਸਤਿਜੁਗ**

**ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ, ਨਵੀਂ ਦਿੱਲੀ–15**

**e-mail : satjugweekly@hotmail.com**

**satjugweekly@gmail.com**

# ਪਿਛੈ ਕੀਰਤਨ ਕਰਿਅਹੁ ਨਿਰਬਾਣੁ

● **ਬੀਬੀ ਮਹਿੰਦਰ ਕੌਰ** ਪਤਨੀ ਸ. ਸੂਰਤ ਸਿੰਘ ਹੰਸਪਾਲ ਪਿਛਲਾ ਪਿੰਡ ਬਾਠਾਂ ਵਾਲਾ 7 ਦਸੰਬਰ 2011 ਨੂੰ ਦਿੱਲੀ ਵਿਚ ਆਪਣੀ ਸੰਸਾਰਕ ਯਾਤਰਾ 90 ਸਾਲ ਦੀ ਉਮਰ ਵਿਚ ਪੂਰੀ ਕਰ ਗਏ। ਉਹਨਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਮਿਤੀ 13 ਦਸੰਬਰ 2011 ਨੂੰ ਰਮੇਸ਼ ਨਗਰ ਦਿੱਲੀ ਦੇ ਨਾਮਧਾਰੀ ਗੁਰਦੁਆਰੇ ਵਿਚ ਪਾਇਆ ਗਿਆ।

ਜਥੇਦਾਰ ਮਨਜੀਤ ਸਿੰਘ ਅਤੇ ਜਥੇਦਾਰ ਸੇਵਾ ਸਿੰਘ ਨੇ ਕਥਾ ਕੀਰਤਨ ਰਾਹੀਂ ਜੀਵਨ ਮਰਨ ਦੇ ਫਲਸਫੇ ਅਤੇ ਬੀਬੀ ਜੀ ਦੇ ਗੁਰਸਿਖੀ ਜੀਵਨ ਤੇ ਚਾਨਣਾ ਪਾਇਆ। ਰਿਸ਼ਤੇਦਾਰਾਂ ਅਤੇ ਪਰਵਾਰ ਦੇ ਸਨੇਹੀਆਂ ਦੀ ਭਾਰੀ ਗਿਣਤੀ ਹਾਜ਼ਰ ਸੀ। ਸਲੋਕਾਂ ਦੇ ਪਾਠ ਉਪਰੰਤ ਅਰਦਾਸ ਹੋਈ। ਬੀਬੀ ਜੀ ਦੇ ਪੁੱਤਰ ਗੁਰਮੀਤ ਸਿੰਘ ਹੰਸਪਾਲ ਸਮੂਹ ਪਰਵਾਰ ਨਾਲ ਸੰਗਤਾਂ ਦੀ ਸੇਵਾ ਕੀਤੀ ਅਤੇ ਧੰਨਵਾਦ ਕੀਤਾ।

ਬੀਬੀ ਮਹਿੰਦਰ ਕੌਰ ਦਾ ਜਨਮ ਪਿਤਾ ਸ. ਮਿਹਰ ਸਿੰਘ ਮਾਤਾ ਬਸੰਤ ਕੌਰ ਦੇ ਘਰ ਪਿੰਡ ਡੱਡੀਆਂ ਜ਼ਿਲਾ ਸਿਆਲਕੋਟ ਨਾਰੋਵਾਲ ਪਾਕਿਸਤਾਨ ਵਿਚ ਹੋਇਆ। ਸੰਨ 1938 ਵਿਚ ਵਿਆਹ ਬਾਦ ਹੰਸਪਾਲ ਪਰਵਾਰ ਵਿਚ ਆਈ ਬੀਬੀ ਜੀ ਦਾ ਖੁਲਾ ਸੁਭਾਅ ਸੀ ਅਤੇ ਘਰ ਆਏ ਸਾਧ ਸੰਤ ਗੁਰਮੁਖਾਂ ਅਤੇ ਹਰ ਲੋੜਵੰਦਾਂ ਦੀ ਖੁਲ੍ਹੇ ਦਿਲ ਨਾਲ ਸੇਵਾ ਕਰਦੇ ਸਨ। ਇਹ ਹੰਸਪਾਲ ਦੰਪਤੀ ਦੀਆਂ ਤਿਨ ਧੀਆਂ ਬਖਸ਼ੀਸ਼ ਕੌਰ, ਪਰਮਜੀਤ ਕੌਰ ਦਿੱਲੀ, ਗੁਰਮੀਤ ਕੌਰ ਅਤੇ ਇਕ ਪੁੱਤਰ ਗੁਰਮੀਤ ਸਿੰਘ ਹੈ। ਅੱਗੋਂ ਪੋਤਰਿਆਂ ਦੋਹਤਰਿਆਂ ਦੋਹਤਰੀਆਂ ਦਾ ਭਰਿਆ ਪਰਵਾਰ ਹੈ।

● ਨਾਮਧਾਰੀ ਪੰਥ ਦੇ ਮਹਾਨ ਲੇਖਕ ਅਤੇ ਨਿਸ਼ਕਾਮ ਸੇਵਕ ਸੰਤ ਆਤਮਾ ਸਿੰਘ ਸਨਖਤ੍ਰਾ ਦੇ ਲਖਤੇ ਜਿਗਰ ਅਤੇ ਲਿਖਣ ਕਲਾ ਦੇ ਵਾਰਿਸ **ਮਾ. ਅਜੀਤ ਸਿੰਘ ਸਨਖਤ੍ਰਾ** ਜੋ ਆਪਣੇ ਸਵਾਸਾਂ ਦੀ ਪੂੰਜੀ ਨੂੰ ਖਤਮ ਕਰਦੇ ਹੋਏ ਇਸ ਮਾਤਲੋਕ ਤੋਂ 25 ਅਕਤੂਬਰ 2011 ਰਾਤ ਨੂੰ ਤਕਰੀਬਨ 11 ਵਜੇ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਸਮੁੱਚਾ ਜੀਵਨ ਵਿਦਿਆ ਪ੍ਰਾਪਤੀ ਤੋਂ ਲੈ ਕੇ ਇਕ ਹੋਣਹਾਰ ਅਧਿਆਪਕ ਦੀ ਸੇਵਾ ਨਿਭਾਉਂਦਿਆਂ ਹੋਇਆਂ ਸਤਿਗੁਰੂ ਜੀ ਨੂੰ ਸਮਰਪਿਤ ਰਿਹਾ। ਕਦੇ ਵੀ ਆਪਣੀ ਵਿਦਿਆ, ਆਪਣੇ ਅਹੁਦੇ ਦਾ ਹੰਕਾਰ ਨਾ ਕਰਦੇ ਹੋਏ ਨਿਮਰਤਾ ਸਹਿਤ ਆਪਣੇ ਜੀਵਨ ਨੂੰ ਜੀਵਿਆ।

ਸਤਿਗੁਰੂ ਜੀ ਦੇ ਭਾਣੇ ਨੂੰ ਮੰਨਦਿਆਂ ਉਹਨਾਂ ਦਾ ਸਸਕਾਰ ਮਰਯਾਦਾ ਅਨੁਸਾਰ ਸ੍ਰੀ ਭੈਣੀ ਸਾਹਿਬ ਤੋਂ ਆਏ ਜਥੇਦਾਰ ਗੁਰਦੀਪ ਸਿੰਘ ਅਤੇ ਬਹੁਤ ਹੀ ਪਰਿਵਾਰਕ ਨੇੜਤਾ ਰੱਖਦੇ ਜਥੇਦਾਰ ਗੁਰਬਚਨ ਸਿੰਘ ਨੇ ਕਰਵਾਇਆ।

ਅੰਤਿਮ ਅਰਦਾਸ ਅਤੇ ਭੋਗ ਵਾਸਤੇ 4 ਅਕਤੂਬਰ 2011 ਨੂੰ ਨੀਯਤ ਕੀਤਾ ਗਿਆ। ਭੋਗ ਦਾ ਸਮਾਗਮ ਬਾਹਰ ਖੁਲ੍ਹੇ ਪੰਡਾਲ ਵਿਚ ਕੀਤਾ ਗਿਆ ਜਿਸ ਵਿਚ ਨਾਮਧਾਰੀ ਜਥਿਆਂ ਨੇ ਮੁੱਖ ਰੂਪ ਵਿਚ ਸ਼ਿਰਕਤ ਕੀਤੀ। ਸਭ ਤੋਂ ਪਹਿਲਾਂ ਸੰਤਨਗਰ ਤੋਂ ਆਏ ਜਥੇਦਾਰ ਜੀ ਨੇ ਦਿਵਾਨ ਆਰੰਭ ਕੀਤਾ। ਉਪਰੰਤ ਜਥੇਦਾਰ ਗੁਰਬਚਨ ਸਿੰਘ ਨੇ ਆਪਣੇ ਤਰੀਕੇ ਅਨੁਸਾਰ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਅਤੇ ਪਰਵਾਰ ਨੂੰ ਭਾਣਾ ਮੰਨਣ ਵਾਸਤੇ ਗੁਰਬਾਣੀ ਅਨੁਸਾਰ ਪ੍ਰਮਾਣ ਦਿੱਤੇ। ਉਹਨਾਂ ਪਰਿਵਾਰਕ ਪਿਛੋਕੜ ਦੱਸਿਆ ਕਿ ਮਹੰਤ ਬੇਲਾ ਸਿੰਘ, ਮਹੰਤ ਆਤਮਾ ਸਿੰਘ ਕਿਵੇਂ ਮਹੰਤ ਅਖਵਾਏ ਅਤੇ ਉਹਨਾਂ ਦਾ ਜੀਵਨ ਕਿੰਨਾ ਉਚਾ ਅਤੇ ਗੁਰੂ ਘਰ ਨੂੰ ਸਮਰਪਿਤ ਸੀ। ਇਸੇ ਤਰ੍ਹਾਂ ਮਾਸਟਰ ਅਜੀਤ ਸਿੰਘ ਉਸੇ ਤਰ੍ਹਾਂ ਦੇ ਹੀ ਜੀਵਨ ਦੇ ਮਾਲਕ ਸਨ। ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਤੌਰ ਤੇ ਪਹੁੰਚੇ ਜਥੇਦਾਰ ਗੁਰਦੀਪ ਸਿੰਘ ਨੇ ਦਿਵਾਨ ਸਜਾਇਆ। ਉਹਨਾਂ ਦੇ ਸ਼ਬਦ ਸਨ- ***ਸਜਨ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ*** ਦੀ ਟੇਕ ਲਈ ਅਤੇ ਪ੍ਰਮਾਣ ਦਿੱਤੇ। ਇਸੇ ਦਿਵਾਨ ਸਮੇਂ ਪਰਵਾਰ ਨੂੰ ਧੀਰਜ ਬੰਨਾਉਣ ਲਈ ਮਾਤਾ ਚੰਦ ਕੌਰ ਜੀ ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਤੌਰ ਤੇ ਪਹੁੰਚੇ। ਦਿਵਾਨਾਂ ਦੀ ਸਮਾਪਤੀ ਤੋਂ ਬਾਅਦ ਉਹਨਾਂ ਨਮਿਤ ਹੋਏ ਸਹਿਜ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ।

ਸ਼ਰਾਂਧਜਲੀ ਮੁਖ ਰੂਪ ਵਿਚ ਇਲਾਕੇ ਦੇ ਐਮ. ਐਲ. ਏ. ਸ. ਸੰਗਤ ਸਿੰਘ ਗਿਲਜੀਆਂ, ਸੂਬਾ ਬਲਵਿੰਦਰ ਸਿੰਘ ਝੱਲ, ਗੁਰਮੰਤਰ ਸਿੰਘ ਰਾਣੀ ਪਿੰਡ, ਮਾਸਟਰ ਜਸਪਾਲ ਸਿੰਘ ਅਤੇ ਪਰਵਾਰ ਵਲੋਂ ਗੁਰਮੁਖ ਸਿੰਘ ਅਹੀਆਪੁਰ ਨੇ ਹਾਜ਼ਰੀ ਲੁਆਈ। ਇਸ ਮੌਕੇ ਵਿਸ਼ੇਸ਼ ਤੌਰ ਤੇ ਸ੍ਰੀ ਭੈਣੀ ਸਾਹਿਬ ਤੋਂ ਮਾਸਟਰ ਦਰਸ਼ਨ ਸਿੰਘ, ਸੂਬਾ ਰਤਨ ਸਿੰਘ, ਸੂਬਾ ਬਲਕਾਰ ਸਿੰਘ ਸੰਤ ਨਗਰ, ਸੂਬਾ ਸੁਖਵਿੰਦਰ ਸਿੰਘ ਲਿਟਾਂ, ਸੂਬਾ ਗੁਲਜ਼ਾਰ ਸਿੰਘ ਮਹਿਮੂਦਪੁਰ ਆਦਿ ਨੇ ਸ਼ਿਰਕਤ ਕੀਤੀ।

**-ਗੁਰਸ਼ਰਨ ਸਿੰਘ ਸਨਖਤ੍ਰਵੀ**



● **ਬਰਨਾਲਾ-*ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ*** ਦੇ ਵਾਕ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਗੁਰਸਿੱਖ ਸੰਤ ਧਰਮ ਸਿੰਘ ਬਰਨਾਲਾ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹ 92 ਵਰ੍ਹਿਆਂ ਦਾ ਕਿਰਤੀ, ਗੁਰਸਿੱਖੀ ਵਾਲਾ ਅਤੇ ਅਰੋਗ ਜੀਵਨ ਬਤੀਤ ਕਰ ਗਏ ਹਨ। ਉਹਨਾਂ ਦੇ ਪਿਤਾ ਦਾ ਨਾਮ ਸੰਤ ਸੁੱਚਾ ਸਿੰਘ ਅਤੇ ਮਾਤਾ ਪ੍ਰੇਮ ਕੌਰ ਸੀ। ਸੰਤ ਧਰਮ ਸਿੰਘ ਆਪਣੇ ਪਿਛੇ ਤਿੰਨ ਪੁੱਤਰ ਸੰਤ ਮਨਜੀਤ ਸਿੰਘ, ਸੰਤ ਗੁਰਦੇਵ ਸਿੰਘ, ਕਾਕਾ ਜਗਵੀਰ ਸਿੰਘ, ਚਾਰ ਧੀਆਂ ਦਾ ਖੁਸ਼ੀਆਂ ਵਿਚ ਹੱਸਦਾ ਖੇਡਦਾ ਪਰਵਾਰ ਛੱਡ ਗਏ ਹਨ। ਸਾਰਾ ਹੀ ਪਰਵਾਰ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਗੁਰਸਿੱਖੀ ਨਾਲ ਜੁੜਿਆ ਹੋਇਆ ਹੈ। ਸੰਤ ਭਾਈ ਰੂਪੇ ਵਿਆਹੇ ਹੋਏ ਸਨ।

ਜਦ ਵੀ ਪਾਤਸ਼ਾਹ ਜੀ ਬਠਿੰਡੇ, ਜੀਵਨ ਨਗਰ ਜਾਂ ਸਿਰਸੇ ਵੱਲ ਇਸ ਰਸਤਿਉਂ ਗੁਜਰਦੇ ਤਾਂ ਸੰਤ ਧਰਮ ਸਿੰਘ ਦੇ ਘਰ ਚਰਨ ਪਾ ਕੇ ਜਾਂਦੇ ਅਤੇ ਪਰਵਾਰ ਨੂੰ ਖੁਸ਼ੀਆਂ ਦੇ ਭੰਡਾਰੇ ਬਖਸ਼ਦੇ। ਜਦ ਵੀ ਉਹਨਾਂ ਨੂੰ ਮਿਲਣਾ ਤਾਂ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਸੰਬੰਧੀ ਯਾਦਾਂ ਅਤੇ ਕੌਤਕਾਂ ਦੀ ਹੀ ਗੱਲ ਕਰਦੇ। ਬੁਢਾਪੇ ਵਿਚ ਪਹੁੰਚਣ ਤੇ ਸੰਤ ਜੀ ਹਮੇਸ਼ਾ ਸਿਮਰਨ ਕਰਦੇ ਰਹਿੰਦੇ, ਹਮੇਸ਼ਾ ਖੁਸ਼ ਰਹਿੰਦੇ ਅਤੇ ਸਭ ਨੂੰ ਪਿਆਰ ਦਿੰਦੇ।

ਉਹਨਾਂ ਦਾ ਅੰਤਮ ਸਸਕਾਰ ਬਰਨਾਲਾ ਵਿਖੇ ਪੂਰਨ ਗੁਰ ਮਰਯਾਦਾ ਅਨੁਸਾਰ ਕੀਤਾ ਗਿਆ ਅਤੇ ਉਹਨਾਂ ਦੀ ਯਾਦ ਵਿਚ ਸਧਾਰਨ ਪਾਠ ਦੇ ਭੋਗ ਭਗਤ ਨਾਮਦੇਵ ਗੁਰਦੁਆਰਾ ਬਰਨਾਲਾ ਵਿਖੇ ਪਾਏ ਗਏ ਅਤੇ ਮੇਲਾ ਕੀਤਾ ਗਿਆ। ਭੋਗ ਸਮੇਂ ਜਥੇਦਾਰ ਪ੍ਰੀਤਮ ਸਿੰਘ ਭੈਣੀ ਸਾਹਿਬ, ਜਥੇਦਾਰ ਬਲਕਾਰ ਸਿੰਘ ਜੀਵਨ ਨਗਰ ਅਤੇ ਭਗਤ ਨਾਮਦੇਵ ਗੁਰਦੁਆਰਾ ਸਾਹਿਬ ਦੇ ਰਾਗੀਆਂ ਵਲੋਂ ਹਰਜਸ ਗਾਇਨ ਕੀਤਾ ਗਿਆ ਅਤੇ ਸੰਤ ਧਰਮ ਸਿੰਘ ਦੀਆਂ ਪੁਰਾਣੀਆਂ ਯਾਦਾਂ ਤਾਜੀਆਂ ਕੀਤੀਆਂ। ਇਸ ਸਮੇਂ ਸੰਤ ਜ਼ੋਰਾ ਸਿੰਘ ਵਲੋਂ ਸੰਤ ਧਰਮ ਸਿੰਘ ਦੇ ਵੱਡੇ ਪੁੱਤਰ ਸੰਤ ਮਨਜੀਤ ਸਿੰਘ ਨੂੰ ਦਸਤਾਰ ਸਜਾਈ ਗਈ। ਇਸ ਸਮੇਂ ਮਾਲਵੇ ਇਲਾਕੇ ਦੀਆਂ ਸੰਗਤਾਂ ਤੋਂ ਇਲਾਵਾ ਉਹਨਾਂ ਦੇ ਰਿਸ਼ਤੇਦਾਰਾਂ, ਮਿੱਤਰਾਂ ਦਾ ਭਾਰੀ ਇਕੱਠ ਸੀ।

**-ਡਾ. ਲਖਵੀਰ ਸਿੰਘ**

● **ਨਵੀਂ ਦਿੱਲੀ-** ਅੱਜ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਸੰਤ ਨਰਿੰਦਰ ਸਿੰਘ ਖੁਰਾਣਾ ਅਤੇ ਸੰਤ ਸੁਖਬੀਰ ਸਿੰਘ ਖੁਰਾਣਾ ਵਲੋਂ ਆਪਣੇ ਮਾਤਾ ਪਿਤਾ ਦੀ ਯਾਦ ਵਿਚ ਮੇਲਾ ਕਰਵਾਇਆ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਤਰਲੋਚਨ ਸਿੰਘ ਅਤੇ ਸਾਥੀਆਂ ਨੇ ਕੀਤਾ। ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਮਾਨਸਰੋਵਰ ਗਾਰਡਨ ਨਵੀਂ ਦਿੱਲੀ ਦੇ ਵਿਦਿਆਰਥੀ ਆਸਾ ਸਿੰਘ ਨੇ ਹੱਲੇ ਦਾ ਦਿਵਾਨ ਸਜਾਇਆ। ਇਸ 10-12 ਸਾਲ ਦੇ ਬੱਚੇ ਨੇ ਸੁਰ ਅਤੇ ਲੈਅ ਵਿਚ ਰਹਿ ਕੇ ਆਪਣੇ ਦਿਵਾਨ ਰਾਹੀਂ ਸਭ ਨੂੰ ਪ੍ਰਭਾਵਿਤ ਕੀਤਾ। ਜਥੇਦਾਰ ਸੇਵਾ ਸਿੰਘ ਦਿੱਲੀ ਨੇ ਕਥਾ ਕਰਦਿਆਂ ਕਿਹਾ ਕਿ ਉਹ ਇਨਸਾਨ ਧੰਨਤਾ ਦੇ ਪਾਤਰ ਹਨ ਜੋ ਆਪਣੇ ਵੱਡੇ ਵਡੇਰਿਆਂ ਨੂੰ ਯਾਦ ਰੱਖਦੇ ਹਨ ਅਤੇ ਉਹਨਾਂ ਦੀ ਯਾਦ ਵਿਚ ਮੇਲੇ ਕਰਵਾਉਂਦੇ ਹਨ। ਅੱਜ ਦਾ ਇਹ ਸਮਾਗਮ ਵੀ ਖੁਰਾਣਾ ਪਰਵਾਰ ਵਲੋਂ ਸੰਤ ਗੁਰਬਖਸ਼ ਸਿੰਘ ਖੁਰਾਣਾ ਅਤੇ ਬੀਬੀ ਹਰਭਜਨ ਕੌਰ ਖੁਰਾਣਾ ਦੀ ਯਾਦ ਵਿਚ ਕਰਵਾਇਆ ਜਾ ਰਿਹਾ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਦਾ ਪਾਠ ਕੀਤਾ ਗਿਆ। ਉਪਰੰਤ ਸਧਾਰਨ ਪਾਠਾਂ ਦੇ ਭੋਗ ਪਾਏ ਗਏ। ਮੇਲੇ ਵਾਲਿਆਂ ਵਲੋਂ ਸੇਵਾਦਾਰ ਮਾਈਆਂ ਤੇ ਭਾਈਆਂ ਨੂੰ ਸਨਮਾਨਿਤ ਕੀਤਾ ਗਿਆ।

# ਲੰਡਨ ਵਿਖੇ ਸ਼ਹੀਦਾਂ ਦੀ ਯਾਦ ਵਿੱਚ ਮੇਲਾ

ਲੰਡਨ, 26 ਨਵੰਬਰ 2011-ਅੱਜ ਈਸਟ ਲੰਡਨ ਦੇ ਨਾਮਧਾਰੀ ਗੁਰਦੁਆਰੇ ਵਿੱਚ ਰਾਏਕੋਟ ਅਤੇ ਲੁਧਿਆਣੇ ਵਿਖੇ ਹੋਏ ਨਾਮਧਾਰੀ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਸਮਾਗਮ ਕੀਤਾ ਗਿਆ। ਸਾਧ ਸੰਗਤ ਨੇ ਸ਼ਹੀਦਾਂ ਦੀ ਯਾਦ ਵਿੱਚ ਇਕੱਤਰ ਹੋ ਕੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਨਾਮ ਸਿਮਰਨ ਕੀਤਾ। ਪ੍ਰੋਗਰਾਮ ਦਾ ਅਰੰਭ ਸੰਤ ਗੁਰਬਖਸ਼ ਸਿੰਘ ਮਠਾੜੂ ਅਤੇ ਸੰਤ ਕੰਵਲਜੀਤ ਸਿੰਘ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਹੋਇਆ। ਕੀਰਤਨ ਉਪਰੰਤ ਸੰਤ ਸੁਰਜੀਤ ਸਿੰਘ ਜੀਤ ਨੇ ਸ਼ਹੀਦ ਸਿੰਘਾਂ ਦਾ ਇਤਿਹਾਸ ਸੁਣਾਦਿਆਂ ਕਿਹਾ ਕਿ ਰਾਏਕੋਟ ਵਿਖੇ ਅੰਗਰੇਜ਼ ਸਰਕਾਰ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਛੂਹ ਪ੍ਰਾਪਤ ਸੁਥਰਿਆਂ ਦੇ ਗੁਰਦੁਆਰੇ ਪਾਸ ਬੁੱਚੜਖਾਨਾ ਖੋਲ੍ਹਣ ਕਰਕੇ ਸਥਾਨਕ ਲੋਕ ਬਹੁਤ ਦੁਖੀ ਹੋਏ। ਨਾਮਧਾਰੀ ਸਿੰਘਾਂ ਨੇ ਗੁਰਦੁਆਰੇ ਦੀ ਪਵਿੱਤਰਤਾ ਅਤੇ ਗਊ ਗਰੀਬ ਦੀ ਰੱਖਿਆ ਲਈ ਬੁੱਚੜਖਾਨੇ ਤੇ ਹਮਲਾ ਕਰ ਦਿੱਤਾ ਅਤੇ ਗਊਆਂ ਨੂੰ ਬਚਾ ਕੇ, ਇਸ ਕੁਕਰਮ ਅਤੇ ਸਿੱਖ ਧਰਮ ਤੇ ਹੁੰਦੇ ਜ਼ੁਲਮ ਨੂੰ ਬੰਦ ਕਰਾਇਆ। ਅਖੀਰ ਸਰਕਾਰ ਨੇ ਸਿੰਘਾਂ ਨੂੰ ਪਕੜ ਕੇ ਮੁਕੱਦਮਾ ਚਲਾਇਆ ਅਤੇ 27 ਜੁਲਾਈ 1871 ਈ. ਨੂੰ ਸੈਸ਼ਨ ਜੱਜ ਨੇ ਤਿੰਨ ਸਿੰਘਾਂ ਨੂੰ ਮੌਤ ਦੀ ਸਜ਼ਾ ਸੁਣਾਈ ਅਤੇ 5 ਅਗਸਤ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ। 26 ਨਵੰਬਰ 1871 ਨੂੰ ਇਸ ਕੇਸ ਵਿੱਚ ਝੂਠੇ ਪਕੜੇ ਗਏ ਦੋ ਸਿੰਘਾਂ ਨੂੰ ਲੁਧਿਆਣੇ ਵਿੱਚ ਸ਼ਹੀਦ ਕੀਤਾ।ਸਮਾਗਮ ਦੇ ਅੰਤ ਵਿੱਚ ਪਤਵੰਤੇ ਸੱਜਣਾਂ ਦਾ ਸਨਮਾਨ ਕੀਤਾ ਗਿਆ। ਅਰਦਾਸ ਨਾਲ ਸ਼ਹੀਦਾਂ ਦੀ ਯਾਦ ਵਿੱਚ ਮਨਾਏ ਅੱਜ ਦੇ ਸਮਾਗਮ ਦੀ ਸਮਾਪਤੀ ਕੀਤੀ ਗਈ।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 92ਵੇਂ ਪ੍ਰਕਾਸ਼ ਵਰ੍ਹੇ ਦੀ ਖੁਸ਼ੀ ਵਿੱਚ ਹਵਨ

ਮੁਠੱਡਾ ਕਲਾਂ, 20 ਨਵੰਬਰ 2011-ਨਾਮਧਾਰੀ ਇਤਿਹਾਸਕ ਨਗਰ ਮੁਠੱਡਾ ਕਲਾਂ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 92ਵੇਂ ਪ੍ਰਕਾਸ਼ ਵਰ੍ਹੇ ਦੀ ਖੁਸ਼ੀ ਵਿੱਚ ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਵਲੋਂ ਇਕੋ ਦਿਨ ਪੂਰਨ ਗੁਰ ਮਰਯਾਦਾ ਅਨੁਸਾਰ 95 ਹਵਨ ਕੀਤੇ ਗਏ। ਫਗਵਾੜਾ, ਨਕੋਦਰ, ਫਿਲੌਰ, ਨਵਾਂ ਸ਼ਹਿਰ, ਬੰਗਾ ਤਹਿਸੀਲਾਂ ਦੇ ਸਭ ਨਗਰਾਂ ਦੀ ਸਾਧ ਸੰਗਤ ਨੇ ਤਨ ਮਨ ਤੇ ਧਨ ਕਰਕੇ ਇਸ ਸਮਾਗਮ ਵਿੱਚ ਸਹਿਯੋਗ ਦਿੱਤਾ। ਵਿਸ਼ੇਸ਼ ਕਰਕੇ ਵਿਦਿਅਕ ਜਥੇ ਦੇ ਨੌਜਵਾਨਾਂ ਨੇ ਅੰਮ੍ਰਿਤ ਵੇਲੇ ਦੋ ਵਜੇ ਤੋਂ ਪੂਰਨ ਤੌਰ ਤੇ ਸੋਧ ਮਰਯਾਦਾ ਦੇ ਧਾਰਨੀ ਹੋ ਕੇ ਇਸ ਹਵਨ-ਜਗ ਵਿੱਚ ਹਿੱਸਾ ਲਿਆ। ਸੰਤ ਸਤਿਨਾਮ ਸਿੰਘ ਸਸਰਾਲੀ ਵਾਲੇ ਆਪਣਾ ਜਥੇ ਲੈ ਕੇ ਇਸ ਸਮਾਗਮ ਵਿੱਚ ਸ਼ਾਮਲ ਹੋਏ। ਲੁਹਾਰ ਪ੍ਰਤਾਪਪੁਰਾ, ਫਗਵਾੜਾ ਅਤੇ ਵਜ਼ੀਦਪੁਰ ਤੋਂ ਆਏ ਜਥਿਆਂ ਦਾ ਯੋਗਦਾਨ ਵੀ ਵਿਸ਼ੇਸ਼ ਸੀ।

ਜਦੋਂ 12 ਹਵਨ ਕੁੰਡਾਂ ਵਿੱਚ ਹਵਨ ਹੋ ਰਹੇ ਸਨ ਤਾਂ ਇਹ ਇਕ ਸਤਿਜੁਗੀ ਨਜ਼ਾਰਾ ਲੱਗ ਰਿਹਾ ਸੀ। ਇਸ ਕਾਰਜ ਦੀ ਅਗਵਾਈ ਸੂਬਾ ਸੁਰਜੀਤ ਸਿੰਘ, ਸੂਬਾ ਜਸਬੀਰ ਸਿੰਘ ਤੇ ਸੰਤ ਹਰਜੀਤ ਸਿੰਘ ਮੁਠੱਡਾ ਨੇ ਕੀਤੀ। ਇਲਾਕਾ ਪ੍ਰਧਾਨ ਸੰਤ ਅਮਰਜੀਤ ਸਿੰਘ ਫਗਵਾੜਾ, ਸੰਤ ਸੰਤੋਖ ਸਿੰਘ ਵਜ਼ੀਦਪੁਰ, ਸੰਤ ਸਰਦਾਰਾ ਸਿੰਘ ਨਗਰ, ਸੰਤ ਦਰਸ਼ਨ ਸਿੰਘ ਕਟਾਰੀਆਂ, ਸੰਤ ਬਲਵੰਤ ਸਿੰਘ ਜੰਡੀ ਤੇ ਸੰਤ ਮੋਹਣ ਸਿੰਘ ਨਕੋਦਰ ਨੇ ਪੂਰਨ ਸਹਿਯੋਗ ਦਿੱਤਾ। ਇਸ ਸਮੂਹ ਕਾਰਜ ਲਈ ਪ੍ਰਧਾਨ ਮਹਿੰਦਰ ਸਿੰਘ ਮੁਠੱਡਾ ਅਤੇ ਸਮੂਹ ਨਾਮਧਾਰੀ ਸੰਗਤ ਮੁਠੱਡਾ ਕਲਾਂ ਦਾ ਯੋਗਦਾਨ ਵੀ ਜਿਕਰਯੋਗ ਹੈ, ਜਿਸ ਕਰਕੇ ਇਹ ਹਵਨ ਜਗ ਅਯੋਜਿਤ ਕਰਨਾ ਅਸਾਨ ਹੋ ਸਕਿਆ। ਸ੍ਰੀ ਸਤਿਗੁਰੂ ਜੀ ਦੀ ਅਪਾਰ ਬਖਸ਼ਸ਼ ਨਾਲ ਇਹ ਵੱਡਾ ਕਾਰਜ ਅਸਾਨੀ ਨਾਲ ਸੰਪੰਨ ਹੋਇਆ। ਸੂਬਾ ਬਲਵਿੰਦਰ ਸਿੰਘ ਝੱਲ ਸ੍ਰੀ ਭੈਣੀ ਸਾਹਿਬ ਤੋਂ ਵਿਸ਼ੇਸ਼ ਤੌਰ ਤੇ ਇਸ ਸਮਾਗਮ ਵਿੱਚ ਸ਼ਾਮਲ ਹੋਏ। ਸੂਬਾ ਜੀ ਨੇ ਨੌਜਵਾਨਾਂ ਅਤੇ ਸਮੁੱਚੀ ਸਾਧ ਸੰਗਤ ਦੇ ਇਸ ਕਾਰਜ ਲਈ ਉਤਸ਼ਾਹ ਦੀ ਸ਼ਲਾਘਾ ਕੀਤੀ ਅਤੇ ਸਾਧ ਸੰਗਤ ਨੂੰ ਅੱਗੇ ਤੋਂ ਵੀ ਅਜਿਹੇ ਪੰਥਕ ਕਾਰਜ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ।

Days of Posting :
Thursday/Friday at IPMBC/1


RNI NO. 55658/93 Delhi Postal Regd. No. DL(W) 01/2055/12-14
License to Post Without Pre-Payment, U(C) - 169/2009-11



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਲਾਇਬਰੇਰੀ ਦੇ ਉਦਘਾਟਨ ਤੋਂ ਬਾਅਦ ਸਿੱਖਾਂ ਸੇਵਕਾਂ ਸਹਿਤ ਲਾਇਬਰੇਰੀ ਨੂੰ ਨਿਹਾਰਦੇ ਹੋਏ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਤਿਗੁਰੂ ਹਰੀ ਸਿੰਘ ਜੀ ਦਾ ਚੋਗਾ ਮੱਥਾ ਟੇਕਦੇ ਹੋਏ ਬੀਬੀ ਬਲਬੀਰ ਕੌਰ, ਸੰਤ ਸੁਖਦੇਵ ਸਿੰਘ ਸ੍ਰੀ ਜੀਵਨ ਨਗਰ ਅਤੇ ਪਰਵਾਰਕ ਮੈਂਬਰ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਹ ਅਰੋਗਤਾ ਲਈ ਹੋਏ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੌਰਾਨ ਬਾਲਣ ਦੀ ਸੇਵਾ ਕਰਨ ਵਾਲੇ ਸੇਵਾਦਾਰ ਆਪ ਜੀ ਦੀ ਹਜ਼ੂਰੀ ਵਿੱਚ।



ਸ੍ਰੀ ਸਤਿਗੁਰੂ ਜੀ ਨੂੰ ਨੌਜਵਾਨ ਗਿਆਨ ਸਿੰਘ ਪੁੱਤਰ ਸੰਤ ਗੁਰਦੇਵ ਸਿੰਘ ਚੀਮਾ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਵਿਚ ਹੋਏ ਯੂਥ ਫੈਸਟੀਵਲ ਦੌਰਾਨ ਜੋੜੀ ਪਖਾਵਜ ਵਿੱਚੋਂ ਪ੍ਰਾਪਤ ਪਹਿਲੇ ਸਥਾਨ ਦਾ ਇਨਾਮ ਭੇਟ ਕਰਕੇ ਖੁਸ਼ੀਆਂ ਲੈਂਦਾ ਹੋਇਆ।



ਸ੍ਰੀ ਭੈਣੀ ਸਾਹਿਬ ਵਿਖੇ ਬਹੁਤ ਸੁੰਦਰ ਅਤੇ ਆਕਰਸ਼ਕ ਬਣਾਈ ਗਈ 'ਸਤਿਗੁਰੂ ਜਗਜੀਤ ਸਿੰਘ ਲਾਇਬਰੇਰੀ' ਦਾ ਅੰਦਰਲਾ ਦ੍ਰਿਸ਼ ਜਿਸ ਵਿੱਚ ਖੋਜਕਾਰਾਂ, ਵਿਦਵਾਨਾਂ ਅਤੇ ਪਾਠਕਾਂ ਲਈ ਸਾਹਿਤ, ਇਤਿਹਾਸ ਨਾਲ ਸੰਬੰਧਤ ਸਮਗਰੀ ਰੱਖੀ ਗਈ ਹੈ।



ਮੁਠੱਡਾ ਕਲਾਂ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ 95 ਹਵਨ ਕਰਦੀ ਹੋਈ ਜ਼ਿਲ੍ਹਾ ਜਲੰਧਰ ਦੀ ਸਾਧ ਸੰਗਤ।

## ਲਾਇਬਰੇਰੀ ਦਾ ਉਦਘਾਟਨ....(ਬਾਕੀ ਸਫਾ 1 ਦੀ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀਆਂ ਦੀਆਂ ਤਸਵੀਰਾਂ ਹਨ। ਸੇਵਕ ਹਰਪਾਲ ਸਿੰਘ ਸੱਚੇ ਪਾਤਸ਼ਾਹ ਜੀ ਨੂੰ ਉਹਨਾਂ ਤਸਵੀਰਾਂ ਬਾਰੇ ਅਰਜ਼ਾਂ ਕਰਦੇ ਰਹੇ। ਲਾਇਬਰੇਰੀ ਵਿੱਚ ਆਏ ਦਰਸ਼ਕਾਂ ਸਾਹਮਣੇ ਬੇਅੰਤ ਜੀ ਦੇ ਬਾਲ ਰੂਪ ਅਤੇ ਬਾਲ ਸਖਾਈ ਮਿੱਤਰਾਂ ਦੇ ਚਿੱਤਰ ਸਾਕਾਰ ਹੋ ਰਹੇ ਸਨ। ਲਾਇਬਰੇਰੀ ਵਿੱਚ ਬੈਠ ਕੇ ਪੜ੍ਹਣ ਲਈ ਫਰਨੀਚਰ ਵੀ ਬਹੁਤ ਵਧੀਆ ਬਣਾਇਆ ਗਿਆ ਹੈ। ਕਾਮਰੇਡ ਸੁਵਰਨ ਸਿੰਘ ਵਿਰਕ ਨੇ ਲਾਇਬਰੇਰੀ ਦਾ ਉਦਘਾਟਨ ਕਰਨ ਲਈ ਸ੍ਰੀ ਸਤਿਗੁਰੂ ਜੀ ਪ੍ਰਤੀ ਆਭਾਰ ਪ੍ਰਗਟ ਕੀਤਾ।

ਇਸ ਸਮੇਂ ਹੋਰਾਂ ਤੋਂ ਇਲਾਵਾ ਸ੍ਰੀ ਉਦੈ ਸਿੰਘ ਜੀ, ਸੰਤ ਜਗਤਾਰ ਸਿੰਘ, ਪ੍ਰੋ. ਜੋਗਿੰਦਰ ਸਿੰਘ ਮੁਖੀ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਸ. ਹਰਵਿੰਦਰ ਸਿੰਘ ਹੰਸਪਾਲ, ਸ. ਜਸਵਿੰਦਰ ਸਿੰਘ ਹਿਸਟੋਰੀਅਨ, ਸੰਤ ਤਾਰਾ ਸਿੰਘ ਅਨਜਾਣ, ਸ. ਗੁਰਭੇਜ ਸਿੰਘ ਗੁਰਾਇਆ, ਸ. ਸਰਨਪਾਲ ਸਿੰਘ ਰੰਧਾਵਾ, ਬੀਬੀ ਬਬੂਸ਼ਾ ਮੈਂਗੀ, ਸੂਬਾ ਬਲਵਿੰਦਰ ਸਿੰਘ ਝੱਲ, ਸੰਤ ਜੋਗਿੰਦਰ ਸਿੰਘ ਕੰਗ ਆਦਿ ਹਾਜ਼ਰ ਸਨ। ਸਾਰੇ ਹੀ ਪ੍ਰਬੰਧਕਾਂ ਦੀ ਇਸ ਯਾਦਗਾਰੀ ਸਥਾਨ ਨੂੰ ਯਾਦਗਾਰੀ ਲਾਇਬਰੇਰੀ ਦੇ ਰੂਪ ਵਿੱਚ ਸੰਭਾਲਣ ਦੀ ਪ੍ਰਸੰਸਾ ਕਰ ਰਹੇ ਸਨ ਅਤੇ ਸ੍ਰੀ ਸਤਿਗੁਰੂ ਜੀ ਵਲੋਂ ਲਾਇਬਰੇਰੀ ਦਾ ਉਦਘਾਟਨ ਕਰਨ ਲਈ ਸ਼ੁਕਰਾਨਾ ਕਰ ਰਹੇ ਸਨ।

ਸਤਿਜੁਗ ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ, ਨਵੀਂ ਦਿੱਲੀ-੧੧੦੦੧੫
ਟੈਲੀਫੋਨ:25156625, 41425686 ਫੈਕਸ:011-41425686

Type setting by: CADCON
Designed by: ATTRACT GRAPHICS

ਇਕ ਪ੍ਰਤੀ : ਚਾਰ ਰੁਪਈਏ,
ਇਕ ਸਾਲ ਦੇਸ - 200 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ ਦੇਸ - 800 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 7.14 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 5.49 ਮਿੰਟ

Printed and Published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New Delhi-110015. Editor-Mr. Harvendra Singh Hanspal. Issue No. 48 of 19 January 2012
email : satjug@sribhainisahib.com, satjugweekly@gmail.com, satjugweekly@hotmail.com